# ਪ੍ਰੋ: ਸਾਹਿਬ ਸਿੰਘ ਦੀ ਕਸਵੱਟੀ ’ਤੇ

# ਕਾਲਾ ਅਫ਼ਗਾਨਾ

*-ਤਰਦੀਪ ਸਿੰਘ*

ਪਿਛਲੇ ਦਿਨੀਂ ਕਾਲਾ ਅਫ਼ਗਾਨਾ ਦੇ ਸਾਥੀਆਂ ਨੇ ‘ਗੁਰਬਿਲਾਸ ਪਾ: 6ਵੀਂ’ ਬਾਰੇ ਸ. ਕਾਲਾ ਅਫ਼ਗਾਨਾ ਦੀ ਲਿਖੀ ਕਿਤਾਬ ਛਾਪ ਦਿੱਤੀ ਹੈ। ਇਸ ਵਿਚ ਸਿਵਾਏ ਜਥੇਦਾਰ ਜੋਗਿੰਦਰ ਸਿੰਘ ਵੇਦਾਂਤੀ ਨੂੰ ਮਾੜਾ ਕਹਿਣ ਦੇ, ਹੋਰ ਕੋਈ ਗੱਲ ਨਹੀਂ ਕੀਤੀ। ਜਦ ਕਿ ਜਥੇਦਾਰ ਸਾਹਿਬ ਨੇ ਉਹ ਕਿਤਾਬ ਸੰਪਾਦਿਤ ਕੀਤੀ ਹੈ, ਲਿਖੀ ਨਹੀਂ। ਸਿੱਖ ਇਤਿਹਾਸ ਦੀ ਕੋਈ ਵੀ ਐਸੀ ਸਰੋਤ ਪੁਸਤਕ ਨਹੀਂ ਹੈ, ਜਿਸ ਵਿਚ ਗੁਰਮਤਿ ਸਿਧਾਂਤ ਦੇ ਉਲਟ ਕੁਝ ਨਾ ਕੁਝ ਲਿਖਿਆ ਨਹੀਂ ਮਿਲਦਾ। ਇਹ ਸਾਰੀਆਂ ਕਿਤਾਬਾਂ ਕਿਸੇ ਨਾ ਕਿਸੇ ਵਿਦਵਾਨ ਨੇ ਸੰਪਾਦਿਤ ਕੀਤੀਆਂ ਹਨ। ਕੀ ਹੁਣ ਉਨ੍ਹਾਂ ਵਿਦਵਾਨਾਂ ਨੂੰ ਮਾੜਾ ਕਹਿਣਾ ਸ਼ੁਰੂ ਕਰ ਦੇਈਏ? ਜੇ ਸ. ਕਾਲਾ ਅਫ਼ਗਾਨਾ ਤੇ ਸਾਥੀਆਂ ਦੀ ਕੌਮ ਦੀ ਸੇਵਾ ਕਰਨ ਦੀ ਨੀਯਤ ਹੁੰਦੀ ਤਾਂ ਉਨ੍ਹਾਂ ਨੂੰ ਚਾਹੀਦਾ ਸੀ ਕਿ ਗੁਰਬਿਲਾਸ ਪਾ: 6ਵੀਂ ਸਮੇਤ ਹੋਰ ਵੀ ਕਿਤਾਬਾਂ ਜਿਵੇਂ ਗੁਰਬਿਲਾਸ ਪਾ: 10ਵੀਂ, ਸਿੱਖਾਂ ਦੀ ਭਗਤ ਮਾਲਾ ਆਦਿ ਅੰਦਰ ਜਿਹੜੇ ਵੀ ਗੁਰਮਤਿ ਵਿਰੋਧੀ ਅਤੇ ਗੁਰਮਤਿ ਪੱਖੀ ਹਿੱਸੇ ਹਨ, ਉਨ੍ਹਾਂ ਦਾ ਨਿਖੇੜਾ ਕਰਦੇ ਤਾਂ ਕਿ ਜੇ ਗੁਰਮਤਿ ਵਿਰੋਧੀ ਹਿੱਸਿਆਂ ਨੂੰ ਪੰਥ ਵਿਰੋਧੀ ਜਥੇਬੰਦੀਆਂ ਵਰਤਣ ਵੀ ਤਾਂ ਆਮ ਸਿੱਖ ਉਨ੍ਹਾਂ ਦੇ ਪ੍ਰਭਾਵ ਥੱਲੇ ਨਾ ਆਵੇ। ਜੇ ਇਨ੍ਹਾਂ ਕਿਤਾਬਾਂ ਨੂੰ ਸਮੁੱਚੇ ਤੌਰ ਤੇ ਹੀ ਰੱਦ ਕਰ ਦੇਈਏ ਤਾਂ ਸਿੱਖ ਇਤਿਹਾਸ ਲਿਖਣਾ ਔਖਾ ਹੋ ਜਾਵੇਗਾ। ਇਹ ਗੱਲ ਡਾ. ਗੰਡਾ ਸਿੰਘ ਅਤੇ ਹੋਰ ਵਿਦਵਾਨਾਂ ਨੇ ਵੀ ਮੰਨੀ ਹੈ। ਭਾਵੇਂ ਗੁਰਬਿਲਾਸ ਪਾ: 6ਵੀਂ ਵਿਚ ਕੁਝ ਗੁਰਮਤਿ ਵਿਰੋਧੀ ਅੰਸ਼ ਹਨ, ਪਰ ਇਸ ਦਾ ਇਕ ਤੱਥ ਹੀ ਜੋ ਇਸ ਦੀ ਇਤਿਹਾਸਕ ਪ੍ਰਸੰਗਕਤਾ ਸਿੱਧ ਕਰਦਾ ਹੈ, ਉਹ ਇਹ ਹੈ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਨੀਂਹ ਰੱਖਣ ਦੀ ਢੁਕਵੀਂ ਤਰੀਕ ਤੇ ਸਾਲ ਇਸੇ ਕਿਤਾਬ ਵਿਚੋਂ ਹੀ ਮਿਲਦਾ ਹੈ। ਪਰੰਤੂ ਸ. ਕਾਲਾ ਅਫ਼ਗਾਨਾ ਤਾਂ ਆਪਣਾ ਉੱਲੂ ਸਿੱਧਾ ਕਰਨ ਲਈ ਸਿਧਾਂਤਕ ਲੜਾਈ ਨੂੰ ਆਪਣੇ ਅਤੇ ਜਥੇਦਾਰ ਵੇਦਾਂਤੀ ਵਿਚਕਾਰ ਨਿੱਜੀ ਲੜਾਈ ਵਿਚ ਬਦਲਣਾ ਚਾਹੁੰਦਾ ਹੈ ਤਾਂ ਜੋ ਉਹ ਜਥੇਦਾਰ ਸਾਹਿਬ ਦੀਆਂ ਕਮਜ਼ੋਰੀਆਂ ਨੂੰ ਵਰਤ ਕੇ ਆਪਣੀਆਂ ਕਾਲੀਆਂ ਲਿਖਤਾਂ ਨੂੰ ਢੱਕ ਸਕੇ। ਜਥੇਦਾਰ ਵੇਦਾਂਤੀ ਵਿਚ ਕਮਜ਼ੋਰੀ ਹੋ ਸਕਦੀ ਹੈ, ਪਰ ਇਸ ਦਾ ਇਹ ਮਲਤਬ ਨਹੀਂ ਕਿ ਉਨ੍ਹਾਂ ਦੀ ਕਮਜ਼ੋਰੀ ਨੂੰ ਢਾਲ ਵਜੋਂ ਵਰਤ ਕੇ ਕੋਈ ਆਪਣੀਆਂ ਕਰਤੂਤਾਂ ਤੇ ਪਰਦਾ ਪਾਉਣ ਦਾ ਯਤਨ ਕਰੇ। ਕਾਲੇ ਅਫ਼ਗਾਨੇ ਦੇ ਸਾਥੀ ਜਥੇਦਾਰ ਵੇਦਾਂਤੀ ਦਾ ਵਿਰੋਧ ਕਰਦੇ ਕਰਦੇ ਕਦੋਂ ਜਥੇਦਾਰ ਅਕਾਲ ਤਖ਼ਤ ਸਾਹਿਬ ਦਾ ਵਿਰੋਧ ਕਰਨ ਲੱਗ ਪਏ, ਇਹ ਸਾਇਦ ਉਨ੍ਹਾਂ ਨੂੰ ਵੀ ਪਤਾ ਨਹੀਂ ਹੋਵੇਗਾ। ਅੱਜ ਗੱਲ ਇਥੇ ਪਹੁੰਚ ਗਈ ਹੈ ਕਿ ਆਪਣੇ ਆਪ ਨੂੰ ਠੀਕ ਸਿੱਧ ਕਰਨ ਲਈ ਹਰ ਪੈਂਤੜਾ ਵਰਤਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਇਕ ਪੰਥਕ ਜਥੇਬੰਦੀ ਜਿਹੜੀ ਕਿ ਅੱਜ ਕਲ੍ਹ ਜਥੇਦਾਰ ਸਾਹਿਬ ਦੀ ਖਾਸ ਹਮਾਇਤੀ ਬਣੀ ਹੋਈ ਹੈ, ਦੇ ਨੇਤਾਵਾਂ ਦੇ ਰਾਹੀਂ ਜਥੇਦਾਰ ਵੇਦਾਂਤੀ ਤਕ ਪਹੁੰਚ ਕਰਕੇ ਸ. ਕਾਲਾ ਅਫ਼ਗਾਨਾ ਦੇ ਕੇਸ ਨੂੰ ਵੀ ਰਫ਼ਾ-ਦਫ਼ਾ ਕਰਨ ਦੀ ਇਹ ਵੀਰ ਕੋਸ਼ਿਸ਼ ਕਰ ਰਹੇ ਹਨ।

ਇਕ ਹੋਰ ਘਟਨਾ ਜੋ ਕਿ ਇਹ ਸਿੱਧ ਕਰਦੀ ਹੈ ਕਿ ਅੱਜ ਦੇ ਅਕਾਲੀ ਨੇਤਾਵਾਂ ਵਾਂਗ ਇਨ੍ਹਾਂ ਵੀਰਾਂ ਦੇ ਵਿਵਹਾਰ ਅੰਦਰ ਵੀ ‘ਸੱਚ ਕਿਨਾਰੇ ਰਹਿ ਗਿਆ’ ਹੈ ਅਤੇ ਪੰਥ ਪ੍ਰਸਤੀ ਦੂਰ ਜਾ ਖਲੋਤੀ ਹੈ। ਉਹ ਇਹ ਹੈ ਕਿ ਪਿਛਲੇ ਦਿਨੀਂ ਚੰਡੀਗੜ੍ਹ ਵਿਖੇ ਕਾਲੇ ਅਫ਼ਗਾਨੇ ਦੇ ਇਕ ਕਰੀਬੀ ਸਾਥੀ ਪ੍ਰੈੱਸ ਵਾਲੇ ਕੋਲ ਇਕ ਸੀ.ਡੀ. ਲੈ ਕੇ ਗਏ। ਜਿਸ ਅੰਦਰ ਸ. ਕਾਲਾ ਅਫ਼ਗਾਨਾ ਦੀਆਂ ਵੱਖ-ਵੱਖ ਜਥੇਦਾਰਾਂ ਅਤੇ ਹੋਰਾਂ ਨੂੰ ਲਿਖੀਆਂ ਚਿੱਠੀਆਂ ਸਨ। ਇਹ ਵੀਰ ਇਨ੍ਹਾਂ ਚਿੱਠੀਆਂ ਨੂੰ ਇਕ ਕਿਤਾਬ ਦੇ ਰੂਪ ਵਿਚ ਛਾਪਣਾ ਚਾਹੁੰਦੇ ਸਨ। ਜਦੋਂ ਪ੍ਰੈੱਸ ਵਾਲੇ ਨੇ ਉਸ ਸੀ.ਡੀ. ਵਿਚਲੀਆਂ ਚਿੱਠੀਆਂ ਪੜ੍ਹੀਆਂ ਤਾਂ ਉਨ੍ਹਾਂ ਚਿੱਠੀਆਂ ਦੀ ਘਟੀਆ ਸ਼ਬਦਾਵਲੀ ਵੇਖ ਕੇ ਉਸਨੇ ਕਾਲੇ ਅਫ਼ਗਾਨੇ ਦੇ ਸਾਥੀ ਨੂੰ ਇਹ ਸ਼ਬਦਾਵਲੀ ਹੂ ਬ ਹੂ ਨਾ ਛਾਪਣ ਦੀ ਸਲਾਹ ਦਿੱਤੀ। ਉਸ ਵੀਰ ਨੇ ਉਸੇ ਵੇਲੇ ਚੰਡੀਗੜ੍ਹ ਵਿਖੇ ਆਪਣੇ ਇਕ ਸੀਨੀਅਰ ਸਾਥੀ ਨੂੰ ਫ਼ੋਨ ਕਰਕੇ ਪੁੱਛਿਆ ਤਾਂ ਉਸ ਪ੍ਰਸਿੱਧ ਸਿੱਖ ਵਿਦਵਾਨ ਨੇ ਚਿੱਠੀਆਂ ਨੂੰ ਸੋਧ ਕੇ ਛਾਪਣ ਲਈ ਕਿਹਾ।

ਹੁਣ ਸਵਾਲ ਇਹ ਹੈ ਕਿ ਉਸ ਪ੍ਰੈੱਸ ਵਾਲੇ ਇਕ ਸਧਾਰਨ ਸਿੱਖ ਨੂੰ ਤਾਂ ਉਨ੍ਹਾਂ ਚਿੱਠੀਆਂ ਦੀ ਘਟੀਆ ਅਤੇ ਅਸੱਭਿਅਕ ਸ਼ਬਦਾਵਲੀ ਸਮਝ ਆ ਸਕਦੀ ਹੈ ਤਾਂ ਸਾਡੇ ਇਨ੍ਹਾਂ ਸੂਝਵਾਨ ਵੀਰਾਂ ਨੂੰ ਸ. ਕਾਲਾ ਅਫ਼ਗਾਨਾ ਦੀ ਸਮਝ ਕਿਉਂ ਨਹੀਂ ਆ ਰਹੀ? ਦੂਸਰੀ ਗੱਲ ਇਹ ਹੈ ਕਿ ਜੇ ਲੜਾਈ ਸਿਰਫ਼ ਸਿਧਾਂਤ ਤੇ ਸੱਚ ਦੀ ਹੈ ਤਾਂ ਉਨ੍ਹਾਂ ਚਿੱਠੀਆਂ ਨੂੰ ਬਿਨਾਂ ਸੁਧਾਈ ਤੋਂ ਹੀ ਛਾਪਿਆ ਜਾਣਾ ਚਾਹੀਦਾ ਸੀ ਤਾਂ ਜੋ ਆਮ ਸਿੱਖ ਸੰਗਤਾਂ ਨੂੰ ਵੀ ਸ. ਕਾਲਾ ਅਫ਼ਗਾਨਾ ਦੀ ਵਿਦਵਤਾ ਦੀ ਸਮਝ ਆਉਂਦੀ। ਇਨ੍ਹਾਂ ਉਪਰੋਕਤ ਦੋ ਘਟਨਾਵਾਂ ਤੋਂ ਇਹ ਗੱਲ ਤਾਂ ਭਲੀ ਭਾਂਤ ਸਿੱਧ ਹੁੰਦੀ ਹੈ ਕਿ ਸ. ਕਾਲਾ ਅਫ਼ਗਾਨਾ ਤਾਂ ਸ਼ੁਰੂ ਤੋਂ ਹੀ ਆਪਣੀ ਕਾਰਗੁਜ਼ਾਰੀ ਬਾਰੇ ਸਪੱਸ਼ਟ ਸੀ, ਪਰ ਹੁਣ ਇਨ੍ਹਾਂ ਵੀਰਾਂ ਨੇ ਵੀ ਉਸਦੀ ਹਮਾਇਤ ਕਰਦਿਆਂ ਸਿਧਾਂਤ ਦਾ ਪੱਲਾ ਛੱਡ ਕੇ ਧੜਾ ਪਾਲ ਲਿਆ ਹੈ। ਫਿਰ ਇਨ੍ਹਾਂ ਵੀਰਾਂ ਦੇ ਅਤੇ ਅਖੌਤੀ ਅਕਾਲੀਆਂ ਦੇ ਪੰਥਕ ਹੇਜ ਵਿਚ ਅੰਤਰ ਕਿੱਥੇ ਹੈ?

ਹੁਣ ਇਹ ਵੀਰ ਇਕ ਗਿਆਰਾਂ ਮੈਂਬਰੀ ਕਮੇਟੀ ਬਣਾ ਕੇ ਸ. ਕਾਲਾ ਅਫ਼ਗਾਨਾ ਦੀਆਂ ਲਿਖਤਾਂ ਮੁੜ ਵਿਚਾਰਨ ਦਾ ਢੁੱਚਰ ਛੇੜ ਰਹੇ ਹਨ। ਕੀ ਧਰਮ ਪ੍ਰਚਾਰ ਕਮੇਟੀ ਅਤੇ ਧਾਰਮਿਕ ਸਲਾਹਕਾਰ ਬੋਰਡ ਦੇ ਵਿਦਵਾਨ ਮੈਂਬਰਾਂ ਨੇ ਬਿਨਾਂ ਪੜ੍ਹੇ ਹੀ ਇਨ੍ਹਾਂ ਕਿਤਾਬਾਂ ’ਤੇ ਕਾਰਵਾਈ ਕਰਨ ਦੀ ਸਿਫ਼ਾਰਸ਼ ਜਥੇਦਾਰ ਅਕਾਲ ਤਖ਼ਤ ਸਾਹਿਬ ਨੂੰ ਕਰ ਦਿੱਤੀ। ਇਨ੍ਹਾਂ ਵੀਰਾਂ ਦਾ ਸ੍ਰੀ ਅਕਾਲ ਤਖ਼ਤ ਸਾਹਿਬ ਪ੍ਰਤੀ ਸਤਿਕਾਰ ਦਾ ਹੇਜ ਇਸ ਗੱਲ ਤੋਂ

ਹੀ ਨੰਗਾ ਹੋ ਜਾਂਦਾ ਹੈ ਕਿ ਇਹ ਵੀਰ ਅਕਾਲ ਤਖ਼ਤ ਸਾਹਿਬ ਤੋਂ ਜਾਰੀ ਹੋਏ ਹੁਕਮ ਦੀ ਉਲੰਘਣਾ ਕਰਕੇ ਬਗ਼ੈਰ ਬਿਲਾਂ ਤੋਂ ਸ. ਕਾਲਾ ਅਫ਼ਗਾਨਾ ਦੀਆਂ ਕਿਤਾਬਾਂ ਵੇਚ ਰਹੇ ਹਨ। ਜੇ ਇਹ ਵੀਰ ਸ. ਕਾਲਾ ਅਫ਼ਗਾਨਾ ਦੀਆਂ ਲਿਖਤਾਂ ਦੀ ਸੱਚਾਈ ਪ੍ਰਤੀ ਪੂਰੇ ਸਪੱਸ਼ਟ ਹਨ ਤਾਂ ਫਿਰ ਕਿਤਾਬਾਂ ਚੋਰੀ ਕਿਉਂ ਵੇਚਦੇ ਹਨ? ਇਹ ਤਾਂ ਉਹੀ ਗੱਲ ਹੋਈ ਕਿ 'ਚੜ੍ਹ ਜਾ ਬੱਚਾ ਸੂਲੀ, ਰਾਮ ਭਲੀ ਕਰੇਗਾ।' ਜਦਕਿ ਅਸਲੀਅਤ ਇਹ ਹੈ ਕਿ ਸ. ਕਾਲਾ ਅਫ਼ਗਾਨਾ ਦੁਆਰਾ ਬਣਾਏ ਗਏ ਟਰੱਸਟ ਦੇ ਮੈਂਬਰਾਂ ਵਿਚ ਵੀ ਇਨ੍ਹਾਂ ਲਿਖਤਾਂ ਪ੍ਰਤੀ ਡੂੰਘੇ ਮਤਭੇਦ ਹਨ।

ਸ. ਕਾਲਾ ਅਫ਼ਗਾਨਾ ਦੀਆਂ ਆਪਣੀਆਂ ਲਿਖਤਾਂ ਅਨੁਸਾਰ ਉਸਨੇ ਗੁਰਬਾਣੀ ਦੇ ਉਹ ਅਰਥ ਵਰਤੇ ਹਨ, ਜੋ ਪ੍ਰੋ: ਸਾਹਿਬ ਸਿੰਘ ਹੁਰਾਂ ਨੇ ਕੀਤੇ ਹਨ। ਗੁਰਸਿੱਖ ਵੀਰਾਂ ਨੇ ਪ੍ਰੋ: ਸਾਹਿਬ ਸਿੰਘ ਜੀ ਦੀਆਂ ਸਾਰੀਆਂ ਲਿਖਤਾਂ ਪੜ੍ਹੀਆਂ ਹਨ ਤਾਂ ਪਤਾ ਲੱਗਾ ਕਿ ਸ. ਕਾਲਾ ਅਫ਼ਗਾਨਾ ਬੜੇ ਘਟੀਆ ਤਰੀਕੇ ਨਾਲ ਇਕ ਸਿੱਖ ਵਿਦਵਾਨ ਦਾ ਨਾਂਅ ਵਰਤ ਕੇ ਆਮ ਸਿੱਖ ਸੰਗਤਾਂ ਵਿਚ ਦੁਬਿਧਾਵਾਂ ਪੈਦਾ ਕਰਨ ਦਾ ਯਤਨ ਕਰ ਰਿਹਾ ਹੈ, ਜੋ ਕਿ ਵਿਦਵਤਾ ਪੱਖ ਤੋਂ ਤਾਂ ਅਤਿ ਨਿੰਦਣਯੋਗ ਕਾਰਵਾਈ ਹੈ, ਉਥੇ ਵਿਵਹਾਰਕ ਪੱਖ ਤੋਂ ਵੀ ਸ. ਕਾਲਾ ਅਫ਼ਗਾਨਾ ਦੇ ਨਿੱਜੀ ਕਿਰਦਾਰ ਨੂੰ ਨੰਗਿਆਂ ਕਰਦੀ ਹੈ। ਅਸਲ ਵਿਚ ਸ. ਕਾਲਾ ਅਫ਼ਗਾਨਾ ਦਾ ਮੰਤਵ ਸਿੱਖ ਧਰਮ ਦੇ ਪੈਰੋਕਾਰਾਂ ਦੇ ਕਿਰਦਾਰ ਦੀਆਂ ਕਮੀਆਂ ਦੂਰ ਕਰਨਾ ਨਹੀਂ, ਸਗੋਂ ਸਿੱਖੀ ਸਿਦਕ ਨੂੰ ਹੀ ਖ਼ਤਮ ਕਰਨਾ ਹੈ। ਜਿਸ ਲਈ ਉਸਨੇ ਨਾਂਅ ਤਾਂ ਪ੍ਰੋ: ਸਾਹਿਬ ਸਿੰਘ ਜੀ ਦਾ ਵਰਤ ਲਿਆ ਹੈ, ਪਰ ਗੁਰਬਾਣੀ ਦੇ ਅਨਰਥ ਆਪਣੀ ਪੁਲਸੀਆ ਬੁੱਧੀ ਅਨੁਸਾਰ ਕਰਕੇ ਅਧਿਆਤਮਕਤਾ ਦੀਆਂ ਪਵਿੱਤਰ ਸੋਚਾਂ ਨਾਲ ਟੱਕਰ ਮਾਰੀ ਹੈ। ਇਸ ਲੇਖ ਅੰਦਰ ਸ. ਕਾਲਾ ਅਫ਼ਗਾਨਾ ਦੀਆਂ ਇਨ੍ਹਾਂ ਕੁਵੇਲੀਆਂ ਤੇ ਕੁਥਾਵੀਆਂ ਟੱਕਰਾਂ ਦੀ ਗੱਲ ਕਰਾਂਗੇ।

## ਪ੍ਰੋ: ਸਾਹਿਬ ਸਿੰਘ ਵੱਲੋਂ
## ਅੰਮ੍ਰਿਤ ਵੇਲੇ ਦੀ ਵਿਆਖਿਆ

ਇਹ ਸ਼ਬਦ ਜ਼ੁਬਾਨ 'ਤੇ ਆਉਂਦਿਆਂ ਹੀ ਮਨ ਅੰਦਰ ਪਵਿੱਤਰ ਜਜ਼ਬਾ ਪੈਦਾ ਹੁੰਦਾ ਹੈ। ਸਿਮਰਨ, ਨਿਤਨੇਮ, ਕੀਰਤਨ, ਸੰਗਤ ਦੀਆਂ ਤਰੰਗਾਂ ਦੀ ਝਨਕਾਰ ਛਿੜ ਜਾਂਦੀ ਹੈ। ਇਸ ਸੰਬੰਧੀ ਪ੍ਰੋ: ਸਾਹਿਬ ਸਿੰਘ ਜੀ ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ ਭਾਗ ਨੌਵਾਂ ਦੇ ਪੰਨਾ 848 'ਤੇ ਅੰਮ੍ਰਿਤ ਵੇਲਾ ਸਿਰਲੇਖ ਹੇਠ ਲਿਖਦੇ ਹਨ:

1. ਜਪੁ ਮ: ੧- ***'ਸਾਚਾ ਸਾਹਿਬੁ, ਸਾਚੁ ਨਾਇ'***....ਪੋਥੀ ਪਹਿਲੀ ਪੰਨਾ ੫੩
2. ਸਲੋਕ ਮ: ੧ ਵਾਰ ਮਾਝ- ***ਸਬਾਹੀ ਸਾਲਾਹ.....*** ਪੋਥੀ ਪਹਿਲੀ ਪੰਨਾ ੮੪੬
3. ਸਲੋਕ ਮ: ੨ ਮਾਝ ਦੀ ਵਾਰ- ***ਅਠੀ ਪਹਿਰੀ ਅਠ ਖੰਡ......***ਪੋਥੀ ਪਹਿਲੀ ਪੰਨਾ ੮੪੯
4. ਸਲੋਕ ਮ: ੩ ਵਾਰ ਮਲਾਰ- ***ਬਾਬੀਹਾ ਅੰਮ੍ਰਿਤ ਵੇਲੈ ਬੋਲਿਆ.....***ਪੋਥੀ ਨੌਵੀਂ ਪੰਨਾ ੩੦੪
5. ਸਲੋਕ ਮ: ੪ ਗਉੜੀ ਕੀ ਵਾਰ- ***ਗੁਰ ਸਤਿਗੁਰ ਕਾ ਜੋ ਸਿਖੁ ਅਖਾਏ.....***ਪੋਥੀ ਦੂਜੀ ਪੰਨਾ ੨੨੦
6. ਸਲੋਕ ਮ: ੫ ਗਉੜੀ ਬਾਵਨ ਅਖਰੀ- ***ਝਾਲਾਘੇ ਉਠਿ ਨਾਮੁ ਜਪਿ......***ਪੋਥੀ ਦੂਜੀ ਪੰਨਾ ੫੩੦
7. ਸਲੋਕ ਮ: ੫ ਵਾਰ ਗਉੜੀ- ***ਚਿੜੀ ਚੁਹਕੀ ਪਹੁ ਫੁਟੀ.....***ਪੋਥੀ ਦੂਜੀ ਪੰਨਾ ੮੨੯
8. ਆਸਾ ਮ: ੫- ***ਭਿੰਨੀ ਰੈਨੜੀਐ ਚਾਮਕਨਿ ਤਾਰੇ....*** ਪੋਥੀ ਤੀਜੀ, ਪੰਨਾ ੫੯੫
9. ਸਲੋਕ ਫਰੀਦ ਜੀ- ***ਫਰੀਦਾ ਪਿਛਲ ਰਾਤ ਨ ਜਾਗਿਓਹੁ....***ਪੋਥੀ ਦਸਵੀਂ ਪੰਨਾ ੨੦੨

ਭਾਵ:- (1) ਜਿਉਂ ਜਿਉਂ ਮਨੁੱਖ ਦਾ ਮਨ ਮਾਇਆ ਦੇ ਮੋਹ ਵਿਚ ਫਸਦਾ ਹੈ, ਪ੍ਰਮਾਤਮਾ ਨਾਲੋਂ ਇਸਦੀ ਵਿੱਥ ਬਣਦੀ ਜਾਂਦੀ ਹੈ, ਇਹ ਵਿੱਥ ਦਾਨ-ਪੁੰਨ ਕਰਨ ਨਾਲ ਜਾਂ ਕੋਈ ਮਾਇਕ ਭੇਟਾ ਪੇਸ਼ ਕਰਨ ਨਾਲ ਮਿਟ ਨਹੀਂ ਸਕਦੀ, ਕਿਉਂਕਿ ਇਹ ਦਾਤਾਂ ਤਾਂ ਸਾਰੀਆਂ ਉਸ ਪ੍ਰਮਾਤਮਾ ਦੀਆਂ ਦਿੱਤੀਆਂ ਹੋਈਆਂ ਹਨ। ਉਸ ਪ੍ਰਮਾਤਮਾ ਨਾਲ ਗੱਲਾਂ, ਉਸਦੀ ਆਪਣੀ ਬੋਲੀ ਵਿਚ ਹੀ ਹੋ ਸਕਦੀਆਂ ਹਨ ਤੇ ਉਹ ਬੋਲੀ ਹੈ ਪ੍ਰੇਮ। ਯਾਦ ਤੇ ਪ੍ਰੇਮ ਦਾ ਆਪੋ ਵਿਚ ਡੂੰਘਾਂ ਸੰਬੰਧ ਹੈ, ਜਿਸ ਨੂੰ ਨਿੱਤ ਯਾਦ ਕਰਦੇ ਰਹੀਏ, ਉਸ ਨਾਲ ਪਿਆਰ ਬਣ ਜਾਣਾ ਕੁਦਰਤੀ ਗੱਲ ਹੈ। **ਸੋ ਜਿਹੜਾ ਮਨੁੱਖ ਅੰਮ੍ਰਿਤ ਵੇਲੇ ਉਠ ਕੇ ਪ੍ਰਮਾਤਮਾ ਦੀ ਯਾਦ ਵਿਚ ਜੁੜਦਾ ਹੈ, ਉਸਨੂੰ ਪ੍ਰੇਮ ਪਟੋਲਾ ਮਿਲਦਾ ਹੈ, ਜਿਸ ਦੀ ਬਰਕਤ ਨਾਲ ਹਰ ਥਾਂ ਪ੍ਰਮਾਤਮਾ ਹੀ ਦਿਸਣ ਲੱਗ ਪੈਂਦਾ ਹੈ।**

(2) ਦਿਨ ਚੜ੍ਹੇ ਮਨੁੱਖ ਦੇ ਮਨ ਦੀਆਂ ਵਾਸਨਾ ਖਿੱਲਰ ਜਾਂਦੀਆਂ ਹਨ। ਮਨ ਕਈ ਪਾਸੇ ਦੌੜਨਾ ਸ਼ੁਰੂ ਕਰ ਦਿੰਦਾ ਹੈ। ਮਨੁੱਖ ਦੁਨੀਆਂ ਦੇ ਧੰਦਿਆਂ ਦੇ ਡੂੰਘੇ ਸਮੁੰਦਰ ਵਿਚ ਪੈ ਜਾਂਦਾ ਹੈ। ਉਸ ਵਿਚ ਅਜਿਹਾ ਫਸਦਾ ਹੈ ਕਿ ਨਿਕਲ ਨਹੀਂ ਸਕਦਾ। ਭੁੱਖ, ਤ੍ਰੇਹ ਨੇ ਭੀ ਚਮਕਣਾ ਹੋਇਆ, ਖਾਣ-ਪੀਣ ਦਾ ਰੁਝੇਵਾਂ ਵੀ ਬਣਨਾ ਕੁਦਰਤੀ ਗੱਲ ਹੈ। ਫਿਰ ਸਾਡੇ ਦਿਨ ਦੇ ਕੰਮ ਕਾਰ ਵਿਚ ਥੱਕ ਕੇ ਮਨੁੱਖ ਘੂਕ ਨੀਂਦਰ ਵਿਚ ਰਾਤ ਗੁਜ਼ਾਰ ਦਿੰਦਾ ਹੈ। ਸੋ **ਅੰਮ੍ਰਿਤ ਵੇਲਾ ਹੀ ਹੈ, ਜਦੋਂ ਮਨੁੱਖ ਦਾ ਮਨ ਇਕਾਗਰ ਹੋ ਕੇ ਪ੍ਰਮਾਤਮਾ ਦੀ ਯਾਦ ਵਿਚ ਜੁੜ ਸਕਦਾ ਹੈ। ਪਰ ਅੰਮ੍ਰਿਤੇ ਵੇਲੇ ਦਾ ਇਹ ਅਭਿਆਸ, ਇਹੋ ਜਿਹਾ ਬਣਨਾ ਚਾਹੀਦਾ ਹੈ ਕਿ ਅੱਠੇ ਪਹਿਰ ਪ੍ਰਮਾਤਮਾ ਦਾ ਡਰ ਮਨ ਵਿਚ ਟਿਕਿਆ ਰਹੇ। ਸੁਰਤ ਦਾ ਪ੍ਰਮਾਤਮਾ ਦੀ ਯਾਦ ਵਿਚ ਜੁੜੇ ਰਹਿਣਾ ਹੀ ਮਨੁੱਖ ਵਾਸਤੇ ਆਤਮਕ ਇਸ਼ਨਾਨ ਹੈ।**

(3) ਮਨੁੱਖ ਦਾ ਹਾਲ ਵੇਖੋ! ਅੱਠੇ ਪਹਿਰ ਉਸ ਦਾ ਮਨ ਧਰਤੀ ਦੇ ਪਦਾਰਥਾਂ ਵਿਚ ਹੀ ਲੱਗਾ ਰਹਿੰਦਾ ਹੈ। ਕੋਈ ਵਿਰਲੇ ਭਾਗਾਂ ਵਾਲੇ ਹੁੰਦੇ ਹਨ, ਜਿਹੜੇ ਆਪਣੇ ਅੰਦਰ ਵਸਦੇ ਪ੍ਰਮਾਤਮਾ ਦੀ ਭਾਲ ਭੀ ਕਰਦੇ ਹਨ। ਅਜਿਹੇ **ਮਨੁੱਖ ਅੰਮ੍ਰਿਤ ਵੇਲੇ ਉਠ ਕੇ ਸਤਸੰਗੀਆਂ ਨਾਲ ਸਾਂਝ ਬਣਾਉਂਦੇ ਹਨ, ਸਤਸੰਗ ਵਿਚ ਨਾਮ ਅੰਮ੍ਰਿਤ ਵੰਡਿਆ ਜਾਂਦਾ ਹੈ, ਪ੍ਰਮਾਤਮਾ ਦੀ ਮਿਹਰ ਨਾਲ ਉਥੇ ਨਾਮ ਦੀ ਦਾਤ ਮਿਲਦੀ ਹੈ। ਅੰਮ੍ਰਿਤ ਵੇਲਾ ਪ੍ਰਭੂ ਚਰਨਾਂ ਵਿਚ**

**ਵਰਤ ਕੇ ਬਾਕੀ ਦੇ ਵਕਤ ਵਿਚ ਵੀ ਕਿਰਤ ਕਾਰ ਕਰਦੇ ਹੋਇਆਂ ਇਹ ਧਿਆਨ ਰੱਖਣ ਦੀ ਲੋੜ ਹੈ ਕਿ ਆਚਰਣ ਉੱਚਾ ਬਣਦਾ ਰਹੇ ਤੇ ਆਚਰਣ ਚੰਗਾ ਬਣਦਾ ਹੈ, ਚੰਗਿਆਂ ਦੀ ਸੰਗਤ ਵਿਚ।**

(4) ਝੁਕੇ ਹੋਏ ਵਰ੍ਹਾਊ ਬੱਦਲ ਵੇਖ ਕੇ ਪਪੀਹਾ ਸਵੇਰ-ਸਾਰ ਹੀ ਕੂਕਦਾ ਹੈ। **ਨਾਮ ਅੰਮ੍ਰਿਤ ਦੇ ਪਿਆਸੇ ਅੰਮ੍ਰਿਤ ਵੇਲੇ ਉਠ ਕੇ ਪ੍ਰਭੂ ਦੀ ਯਾਦ ਵਿਚ ਮਗਨ ਹੁੰਦੇ ਹਨ**, ਜਿਸਦੀ ਬਰਕਤ ਨਾਲ ਉਨ੍ਹਾਂ ਦਾ ਹਿਰਦਾ ਖਿੜ ਆਉਂਦਾ ਹੈ।

(5) ਸਿੱਖ ਦਾ ਕਰਤਵ ਇਹ ਹੋਣਾ ਚਾਹੀਦਾ ਹੈ ਕਿ **ਸਵੇਰੇ ਅੰਮ੍ਰਿਤ ਵੇਲੇ ਉਠ ਕੇ ਇਸ਼ਨਾਨ ਨਾਲ ਸਰੀਰਕ ਆਲਸ ਦੂਰ ਕਰ ਕੇ ਪ੍ਰਮਾਤਮਾ ਦੀ ਯਾਦ ਵਿਚ ਮਨ ਨੂੰ ਜੋੜੇ, ਨਾਮ ਅੰਮ੍ਰਿਤ ਦੇ ਸਰੋਵਰ ਵਿਚ ਚੁੱਭੀ ਲਾਏ।** ਫਿਰ ਸਤਿਗੁਰੂ ਦੀ ਬਾਣੀ ਪੜ੍ਹੇ ਸੁਣੇ। ਦਿਨ ਵੇਲੇ ਕਿਰਤ-ਕਾਰ ਕਰਦਿਆਂ ਭੀ ਪ੍ਰਮਾਤਮਾ ਦੀ ਯਾਦ ਨਾ ਭੁਲਾਏ, ਇਸ ਤਰ੍ਹਾਂ ਕਿਰਤ-ਕਾਰ ਹੱਕ ਦੀ ਹੋਵੇਗੀ , ਕਿਸੇ ਨਾਲ ਠੱਗੀ ਫਰੇਬ ਕਰਨ ਵੱਲ ਮਨ ਪ੍ਰੇਰਿਤ ਨਹੀਂ ਹੋਵੇਗਾ।

(6) ਸਾਰੀ ਸ੍ਰਿਸ਼ਟੀ ਦਾ ਸਰਦਾਰ ਹੈ ਮਨੁੱਖ, ਪਰ ਵੇਖੋ ਇਸ ਦੀ ਦੁਰਦਸ਼ਾ! ਪ੍ਰਮਾਤਮਾ ਨਾਲੋਂ ਵਿਛੜ ਕੇ ਮਨੁੱਖ ਚਿੰਤਾ-ਝੋਰਿਆਂ ਵਿਚ ਹੀ ਆਤਮਕ ਮੌਤੇ ਮਰਿਆ ਰਹਿੰਦਾ ਹੈ, ਪ੍ਰਮਾਤਮਾ ਨੂੰ ਵਿਸਾਰਨ ਕਰਕੇ ਇਸ ਦੇ ਮਨ ਵਿਚ ਮਾਇਆ ਦੇ ਮੋਹ ਦਾ ਹੀ ਜੋਰ ਪਿਆ ਰਹਿੰਦਾ ਹੈ, ਕਾਮਾਦਿਕ ਵੈਰੀਆਂ ਦੇ ਢਹੇ ਚੜ੍ਹਿਆ ਰਹਿੰਦਾ ਹੈ। ਜਿਸ ਮਨੁੱਖ ਉੱਤੇ ਪ੍ਰਮਾਤਮਾ ਆਪ ਮਿਹਰ ਕਰੇ, ਉਸਨੂੰ ਸਤਿਸੰਗਤ ਨਸੀਬ ਹੁੰਦਾ ਹੈ, ਜਿਥੇ ਉਹ ਆਤਮਕ ਜੀਵਨ ਦੇਣ ਵਾਲੀ ਗੁਰਬਾਣੀ ਸੁਣਦਾ ਹੈ। **ਮਨੁੱਖ ਨੂੰ ਸਮਝ ਆ ਜਾਂਦੀ ਹੈ ਕਿ ਅੰਮ੍ਰਿਤ ਵੇਲੇ ਉਠ ਕੇ ਪ੍ਰਮਾਤਮਾ ਦੇ ਚਰਨਾਂ ਵਿਚ ਜੁੜਨ ਦਾ ਅਭਿਆਸ ਕੀਤਿਆਂ ਸਾਰਾ ਦਿਨ ਕਿਰਤ-ਕਾਰ ਵੇਲੇ ਭੀ ਪ੍ਰਮਾਤਮਾ ਦੀ ਯਾਦ ਹਿਰਦੇ ਵਿਚ ਬਣੀ ਰਹਿ ਸਕਦੀ ਹੈ।**

(7) ਪਹੁ-ਫੁਟਾਲੇ ਦੇ ਸਮੇਂ ਚਿੜੀਆਂ ਆਦਿਕ ਪੰਛੀ ਬੋਲਣ ਲੱਗ ਪੈਂਦੇ ਹਨ, ਉਸ ਇਕਾਂਤ ਸਮੇਂ ਚਿੜੀਆਂ ਦਾ ਚੁਹਕਣਾ ਬੜਾ ਸੁਹਾਵਣਾ ਲੱਗਦਾ ਹੈ। ਕੁਦਰਤ ਵੱਲੋਂ ਇਨ੍ਹਾਂ ਪੰਛੀਆਂ ਦੇ ਰਾਹੀਂ ਹੀ ਇਨਸਾਨ ਨੂੰ ਪ੍ਰੇਰਨਾ ਹੁੰਦੀ ਹੈ ਕਿ ਪਹੁ-ਫੁਟਾਲੇ ਦਾ ਸਮਾਂ ਸੁੱਤੇ ਰਹਿਣ ਦਾ ਨਹੀਂ ਹੈ। **ਅੰਮ੍ਰਿਤ ਵੇਲੇ ਉਠ ਕੇ ਪ੍ਰਭੂ ਦੀ ਯਾਦ ਵਿਚ ਜੁੜੋ, ਉਹੀ ਵੇਲਾ ਹੈ ਜਦੋਂ ਰੱਬੀ ਪਿਆਰੇ ਦੇ ਤਰੰਗ ਮਨੁੱਖ ਦੇ ਹਿਰਦੇ ਵਿਚ ਉਠ ਸਕਦੇ ਹਨ।**

(8) ਜਿਵੇਂ ਤਰੇਲ ਭਿੱਜੀ ਰਾਤ ਵਿਚ ਆਕਾਸ਼ ਵਿਚ ਤਾਰੇ ਡਲਕਾਂ ਮਾਰਦੇ ਹਨ, ਤਿਵੇਂ ਪ੍ਰਮਾਤਮਾ ਦੇ ਪ੍ਰੇਮ ਵਿਚ ਭਿੱਜੇ ਹੋਏ ਹਿਰਦੇ ਵਾਲੇ ਮਨੁੱਖਾਂ ਦੇ ਚਿੱਤ-ਆਕਾਸ਼ ਵਿਚ ਸੋਹਣੇ ਆਤਮਿਕ ਗੁਣ ਲਿਸ਼ਕਾਂ ਮਾਰਦੇ ਹਨ। **ਅੰਮ੍ਰਿਤ ਵੇਲੇ ਉਠ ਕੇ ਸਿਮਰਨ ਦਾ ਅਭਿਆਸ ਕਰਨ ਵਾਲੇ ਸੰਤ ਜਨ ਮਾਇਆ ਦੇ ਹੱਲਿਆਂ ਵੱਲੋਂ ਸੁਚੇਤ ਰਹਿੰਦੇ ਹਨ।**

(9) ਪ੍ਰਮਾਤਮਾ ਹੀ ਮਨੁੱਖ ਦੇ ਆਤਮਿਕ ਜੀਵਨ ਦਾ ਸੋਮਾ ਹੈ। ਆਤਮਿਕ ਜੀਵਨ ਤੋਂ ਬਿਨਾਂ ਮਨੁੱਖ ਵੇਖਣ ਤੋਂ ਤਾਂ ਜਿਊਂਦਾ ਹੈ, ਪਰ ਅਸਲ ਵਿਚ ਮੌਤ ਸਹੇੜੀ ਰੱਖਦਾ ਹੈ। **ਆਤਮਿਕ ਮੌਤ ਤੱਦੋਂ ਦੂਰ ਹੋਵੇ, ਜਦੋਂ ਮਨੁੱਖ ਆਤਮਿਕ ਜੀਵਨ ਦੇ ਸੋਮੇ ਪ੍ਰਮਾਤਮਾ ਵਿਚ ਆਪਾ ਲੀਨ ਕਰੇ ਤੇ ਇਸ ਉੱਦਮ ਵਾਸਤੇ ਅਸਲ ਵਕਤ ਹੈ ਅੰਮ੍ਰਿਤ ਵੇਲਾ। ਜਿਸ ਮਨੁੱਖ ਨੇ ਅੰਮ੍ਰਿਤ ਵੇਲਾ ਸੌਂ ਕੇ ਗੁਜ਼ਾਰ ਦਿੱਤਾ, ਉਸਨੇ ਆਤਮਿਕ ਮੌਤ ਸਹੇੜੀ ਰੱਖੀ ਹੈ।**

**ਇਸੇ ਤਰ੍ਹਾਂ ਅੰਮ੍ਰਿਤ ਵੇਲੇ ਸੰਬੰਧੀ ਪ੍ਰੋ: ਸਾਹਿਬ ਸਿੰਘ ਜੀ ਆਪਣੀ ਕਿਤਾਬ 'ਬੁਰਾਈ ਦਾ ਟਾਕਰਾ' ਦੇ ਕੀਰਤਨ ਸਿਰਲੇਖ ਹੇਠ ਪੰਨਾ 27 'ਤੇ ਲਿਖਦੇ ਹਨ:**

*"ਹਰੇਕ ਮਨੁੱਖ ਦੀਆਂ ਆਪੋ ਆਪਣੀਆਂ ਵਾਦੀਆਂ ਹਨ, ਜਿਨ੍ਹਾਂ ਵਿਚੋਂ ਨਿਕਲਣਾ ਔਖਾ ਹੈ, ਅਮੋੜ ਸੁਚੇਤ ਮਨ ਨਾਲ ਹਰੇਕ ਮਨੁੱਖ ਨੂੰ ਸਦਾ ਟਾਕਰਾ ਕਰਨਾ ਪੈਂਦਾ ਹੈ। ਪਰ ਜ਼ਿੱਦੀ ਬਾਲ ਵਾਂਗ ਜੇ ਕਿਸੇ ਅਮੋੜ-ਪੁਣੇ ਤੋਂ ਰੋਕਣ ਦਾ ਸਿੱਧਾ ਜਤਨ ਕਰੀਏ ਤਾਂ ਉਹ ਅਮੋੜ-ਪੁਣਾ ਸਗੋਂ ਵਧਦਾ ਹੈ। ਸੌਖਾ ਤੇ ਗੁਣਕਾਰੀ ਢੰਗ ਇਹੀ ਹੈ ਕਿ 'ਅਚੇਤ ਮਨ' ਨੂੰ ਮੌਕਾ ਦਿੱਤਾ ਜਾਏ। ਉਹ ਮੌਕਾ ਕਦੋਂ ਮਿਲ ਸਕਦਾ ਹੈ? ਜਦੋਂ 'ਸੁਚੇਤ ਮਨ' ਸੌਣ ਲਗੇ ਜਾਂ ਆਲਸ ਜਿਹੇ ਵਿਚ ਹੋਵੇ। ਸੋ, ਕੁਦਰਤ ਵੱਲੋਂ ਇਨਸਾਨ ਨੂੰ ਦੋ ਐਸੇ ਸਮੇਂ ਰੋਜ਼ ਮਿਲਦੇ ਹਨ, ਜਦੋਂ 'ਸੁਚੇਤ ਮਨ' ਉਤੇ 'ਅਚੇਤ ਮਨ' ਆਪਣਾ ਪਰਭਾਵ ਪਾ ਸਕਦਾ ਹੈ; ਉਹ ਦੋ ਸਮੇਂ ਹਨ ਰਾਤ ਨੂੰ ਸੌਣ ਵੇਲਾ ਤੇ ਸਵੇਰੇ ਜਾਗਣ ਦਾ ਵੇਲਾ। ਕਈ ਸਰੀਰਕ ਰੋਗ ਐਸੇ ਹਨ- ਜੋ ਇਨ੍ਹਾਂ ਸਮਿਆਂ 'ਤੇ 'ਅਚੇਤ ਮਨ' ਨੂੰ ਅਰੋਗਤਾ ਦੀ ਪ੍ਰੇਰਨਾ ਦੇਣ ਨਾਲ ਦੂਰ ਹੋ ਸਕਦੇ ਹਨ। ਫ਼ਰਾਂਸ ਵਿਚ 1921 ਵਿਚ ਤੇ ਉਸ ਤੋਂ ਪਿੱਛੋਂ ਕਈ ਸ਼ਹਿਰਾਂ ਵਿਚ ਐਸੇ ਤਜ਼ਰਬੇ ਕੀਤੇ ਗਏ।*

*ਖ਼ਾਸ ਤੌਰ 'ਤੇ ਮੁਲਕ ਫ਼ਰਾਂਸ ਦੇ ਸ਼ਹਿਰ ਨੈਨਸੀ ਵਿਚ ਇਕ ਸ਼ਖ਼ਸ ਡਾਕਟਰ ਕੂਈ ਨੇ ਇਸ ਉੱਦਮ ਵਿਚ ਬੜੀ ਕਾਮਯਾਬੀ ਹਾਸਲ ਕੀਤੀ। ਦੂਰੋਂ ਦੂਰੋਂ ਕਈ ਰੋਗਾਂ ਦੇ ਮਰੀਜ਼ ਉਸ ਪਾਸੇ ਆਉਂਦੇ ਸਨ। ਡਾਕਟਰ ਪਹਿਲਾਂ ਹਰੇਕ ਰੋਗੀ ਦੇ ਰੋਗ ਦੀ ਵਿਥਿਆ ਬੜੇ ਗਹੁ ਤੇ ਹਮਦਰਦੀ ਨਾਲ ਸੁਣਦਾ ਸੀ ਤੇ ਫਿਰ ਹਰੇਕ ਰੋਗੀ ਦੇ ਰੋਗ ਦੇ ਮੁਆਫ਼ਿਕ ਕੁਝ ਐਸੀ ਤੁਕ ਉਸ ਨੂੰ ਯਾਦ ਕਰਾਂਦਾ ਸੀ ਜਿਸ ਦਾ ਭਾਵ ਤਕਰੀਬਨ ਇਉਂ ਹੁੰਦਾ ਸੀ:*

***"ਦਿਨੋ ਦਿਨ ਤੇਰੀ ਕਿਰਪਾ ਸਿਉਂ, ਮੈਂ ਹਰ ਤਰ੍ਹਾਂ ਵੱਲ ਹੋ ਰਿਹਾ ਹਾਂ।"***

*ਮਰੀਜ਼ ਨੂੰ ਹਦਾਇਤ ਕੀਤੀ ਜਾਂਦੀ ਸੀ ਕਿ ਰਾਤ ਨੂੰ ਸੋਣ ਵੇਲੇ ਮੰਜੇ 'ਤੇ ਲੇਟ ਕੇ, ਜਦੋਂ ਨੀਂਦਰ ਦਾ ਅਸਰ ਹੋਣਾ ਸ਼ੁਰੂ ਹੋ ਜਾਏ, ਤਾਂ ਇਸ ਤੁਕ ਨੂੰ ਵੀਹ ਵਾਰੀ ਉੱਚੀ ਉੱਚੀ ਤੇ ਛੇਤੀ ਛੇਤੀ ਪੜ੍ਹੀ ਜਾਏ ਤੇ ਪੜ੍ਹਦਾ ਪੜ੍ਹਦਾ ਸੌਂ ਜਾਏ। ਉੱਚੀ ਉੱਚੀ ਤਾਂ ਇਸ ਵਾਸਤੇ ਕਿ ਉਸ ਦੇ ਕੰਨ ਸੁਣਦੇ ਜਾਣ ਤੇ ਇਸ ਤਰ੍ਹਾਂ ਮਨ ਇਸੇ ਖ਼ਿਆਲ 'ਤੇ ਟਿਕਿਆ ਰਹੇ, ਛੇਤੀ ਛੇਤੀ ਇਸ ਵਾਸਤੇ ਕਿ 'ਸੁਚੇਤ ਮਨ' ਨੂੰ ਇਸ ਅਰੋਗਤਾ ਵਾਲੇ ਖ਼ਿਆਲ ਦੇ ਉਲਟ ਕੁਝ ਹੋਰ ਸੋਚਣ ਦਾ ਮੌਕਾ ਹੀ ਨਾ ਮਿਲ ਸਕੇ; ਪੜ੍ਹਦਾ ਪੜ੍ਹਦਾ ਸੌਂ ਜਾਏ, ਇਸ ਵਾਸਤੇ ਕਿ ਇਹ ਅਰੋਗਤਾ ਵਾਲੀ ਪ੍ਰੇਰਨਾ ਸਿੱਧੀ 'ਅਚੇਤ ਮਨ' ਨੂੰ ਹੋ ਜਾਏ, ਜਿਸ ਨੇ ਸੁੱਤੇ ਹੋਏ 'ਸੁਚੇਤ ਮਨ' ਦੇ ਥਾਂ ਨਿਗਰਾਨੀ ਕਰਨੀ ਹੈ। ਦਿਨੇ ਜਾਗਦੇ-ਸਾਰ ਮੰਜੇ ਤੇ ਪਿਆਂ ਹੀ ਫਿਰ ਇਹੀ ਮੁਹਾਰਨੀ ਪੜ੍ਹਨੀ ਹੈ।*

*ਇਹੀ ਕਾਰਨ ਹੈ ਕਿ ਸੌਣ ਵੇਲੇ ਤੇ ਜਾਗਣ ਵੇਲੇ ਗੁਰਬਾਣੀ ਦੀ ਰਾਹੀਂ 'ਅਚੇਤ ਮਨ' ਨੂੰ ਪ੍ਰੇਰਨਾ ਸਿੱਖ-ਧਰਮ ਦਾ ਇਕ ਜ਼ਰੂਰੀ ਅੰਗ ਹੈ।"*

**ਹੁਣ ਆਓ ਦੇਖੀਏ ਕਿ ਸ. ਗੁਰਬਖ਼ਸ਼ ਸਿੰਘ ਕਾਲਾ ਅਫ਼ਗਾਨਾ ਅੰਮ੍ਰਿਤ ਵੇਲੇ ਬਾਰੇ 'ਬਿਪਰਨ ਕੀ ਰੀਤ ਭਾਗ ਚੌਥਾ' ਵਿਚ ਦੂਜੇ ਕਾਂਡ ਦੇ ਅੰਮ੍ਰਿਤ ਵੇਲਾ ਸਿਰਲੇਖ ਹੇਠ ਕੀ ਲਿਖਦੇ ਹਨ?**

## ਅੰਮ੍ਰਿਤ ਵੇਲੇ ਬਾਰੇ ਕਾਲੇ ਅਫ਼ਗਾਨੇ ਦੇ ਵਿਚਾਰ

ਜ਼ਰੂਰੀ ਨੋਟ: ਅੰਮ੍ਰਿਤ ਵੇਲੇ ਬਾਰੇ ਜਿਹੜਾ ਸੰਕਲਪ ਖ਼ਾਲਸਾ ਪੰਥ ਦੇ ਮਨਾਂ ਵਿਚ ਪੱਕੀ ਤਰ੍ਹਾਂ ਘਰ ਕਰ ਚੁੱਕਿਆ ਹੈ, ਉਸ ਨੂੰ ਗੁਰਮਤਿ ਵਿਰੋਧੀ ਸਮਝਣ ਵਾਲਾ ਨਿਰਸੰਦੇਹ ਵੱਡਾ ਮੂਰਖ ਮੰਨਿਆ ਜਾਵੇਗਾ। ਪਰ ਦਾਸ ਦੀ ਸਮੱਸਿਆ ਇਹ ਹੈ ਕਿ ਦਾਸ ਦੇ ਮਨ ਵਿਚ ਇਹ ਯਕੀਨ ਘਰ ਕਰ ਚੁੱਕਿਆ ਹੈ ਕਿ ਸਤਿਗੁਰਾਂ ਦੀ ਬਾਣੀ ਦਾ ਹਰ ਸਿਧਾਂਤ ਸਦੀਵੀ ਸੱਚਾਈ ਵਾਲਾ ਹੈ ਅਤੇ ਇਕ ਸਾਰ ਹੈ। ਪੁਰਾਣਕ ਗ੍ਰੰਥਾਂ ਵਾਂਗ ਸਤਿਗੁਰਾਂ ਨੇ ਕਿਸੇ ਇਕ ਥਾਂ ਵੀ ਸਵੈ-ਵਿਰੋਧੀ ਵਿਚਾਰ ਨਹੀਂ ਲਿਖੇ। ਦਾਸ ਇਹ ਨਹੀਂ ਮੰਨ ਸਕਦਾ ਕਿ ਸਤਿਗੁਰਾਂ ਨੇ ਆਪਣੇ ਵਿਚਾਰ ਕਿਤੇ ਆਪ ਹੀ ਰੱਦ ਕਰ ਦਿੱਤੇ ਹੋਣ। ਸੋ ਭਾਵੇਂ ਸਾਰੇ ਸੰਸਾਰ ਨੇ ਕੋਈ ਵਿਸ਼ਵਾਸ ਕਬੂਲ ਕਰ ਕੇ ਉਸ ਨੂੰ ਸੱਚ ਮੰਨ ਲਿਆ ਹੋਵੇ, ਪਰ ਜੇ ਉਹ ਗੁਰਮਤਿ ਦੇ ਕਿਸੇ ਸਿਧਾਂਤ ਦੀ ਖੰਡਣਾ ਕਰਦਾ ਹੈ, ਤਾਂ ਇਹ ਦਾਸਰਾ ਉਸ ਨੂੰ ਸੱਚ ਮੰਨਣ ਲਈ ਕਿਸੇ ਹਾਲਤ ਵਿਚ ਵੀ ਤਿਆਰ ਨਹੀਂ ਹੈ। ਜਪੁ ਸਾਹਿਬ ਦੀ ਚੌਥੀ ਪਉੜੀ ਵਿਚਲਾ ਅੰਮ੍ਰਿਤ ਵੇਲਾ ਵੀ ਦਾਸ ਲਈ ਉਨ੍ਹਾਂ ਅਰਥਾਂ ਵਾਲਾ ਨਹੀਂ ਹੈ, ਜੋ ਸਾਰਿਆਂ ਨੇ ਮਿਥੇ ਹੋਏ ਹਨ।

ਗੁਰੂ-ਬਾਣੀ ਸ਼ਬਦਾਂ ਦੀ ਉਪਰੋਕਤ ਵਿਚਾਰ ਦੇ ਆਧਾਰ 'ਤੇ ਕਿਸੇ ਵੇਲੇ ਨੂੰ ਅੰਮ੍ਰਿਤ ਨਹੀਂ ਮੰਨਿਆ ਜਾ ਸਕਦਾ। ਪਰ ਪ੍ਰਚਲਤ ਸੱਚਾਈ ਇਹ ਹੈ ਕਿ ਸੂਰਜ ਚੜ੍ਹਨ ਤੋਂ ਢਾਈ ਤਿੰਨ ਘੰਟੇ ਪਹਿਲੋਂ ਦੇ ਸਮੇਂ ਨੂੰ ਸਿਆਣਿਆਂ ਨੇ 'ਅੰਮ੍ਰਿਤ ਵੇਲਾ' ਕਿਹਾ ਹੈ। ਰਾਤ ਦਾ ਉਹ ਪਿਛਲਾ ਪਹਿਰ ਬੜੇ ਟਿਕਾਉ ਦਾ ਹੁੰਦਾ ਹੈ। ਉਸ ਵੇਲੇ ਤਾਈਂ ਨੀਂਦ ਦੀ ਗੋਦ ਵਿਚ ਰਹਿਣ ਕਰਕੇ ਦਿਨ ਦੀ ਦੌੜ-ਭੱਜ ਨਾਲ ਹੋਇਆ ਥਕੇਵਾਂ ਲਹਿ ਜਾਣ ਕਰਕੇ ਮਨੁੱਖ ਤਰੋ-ਤਾਜ਼ਗੀ ਦੀ ਤਸੱਲੀ ਮਾਣ ਰਿਹਾ ਹੁੰਦਾ ਹੈ। ਉਹ ਵੇਲਾ ਪ੍ਰੀਖਿਆ ਵਾਸਤੇ ਤਿਆਰੀ ਕਰਨ ਵਾਲੇ ਵਿਦਿਆਰਥੀ ਲਈ ਬੜਾ ਲਾਹੇਵੰਦ ਸਿੱਧ ਹੋ ਸਕਦਾ ਹੈ। ਕਿਸੇ ਵਿਸ਼ੇ 'ਤੇ ਸੁਰਤਿ ਜੋੜਨ ਲਈ, ਕਿਸੇ ਕਠਨ ਵਿਸ਼ੇ ਨੂੰ ਸਮਝ ਕੇ ਯਾਦ ਕਰਨ ਲਈ ਇਹ ਸਮਾਂ ਬੜਾ ਢੁਕਵਾਂ ਹੈ। ਪ੍ਰਭੂ ਦੀ ਯਾਦ ਵਿਚ ਟਿਕਣ ਵਾਲੇ ਭਗਤ ਜਨਾਂ ਲਈ ਇਹ ਸਮਾਂ ਅੰਮ੍ਰਿਤ-ਮਈ ਹੈ।

ਅੰਮ੍ਰਿਤ ਦਾ ਅਰਥ-ਮੌਤ ਬਿਨਾਂ, ਅਮਰ। *'ਹਰਿ ਅੰਮ੍ਰਿਤ ਸਜਣ ਮੇਰਾ॥'* ਗੁਰਬਾਣੀ ਨੇ ਅੰਮ੍ਰਿਤ ਕੇਵਲ ਪ੍ਰਭੂ ਨੂੰ ਹੀ ਮੰਨਿਆ ਹੈ। ਮਨੁੱਖ ਨੇ ਅਜਿਹੇ ਜਲ ਦੀ ਕਲਪਣਾ ਕੀਤੀ, ਜਿਸ ਦੇ ਪੀਣ ਨਾਲ ਮਨੁੱਖ ਦੀ ਮੌਤ ਨਾ ਹੋਵੇ। ਸਾਰਾ ਸੰਸਾਰ ਆਬੇ-ਹੱਯਾਤ ਦੀ ਭਾਲ ਵਿਚ ਖੱਜਲ ਖ਼ੁਆਰ ਹੁੰਦਾ ਰਿਹਾ ਹੈ, ਪਰ ਅਜਿਹਾ ਜਲ ਕਿਤੋਂ ਨਾ ਮਿਲਿਆ ਜੋ ਜੀਵ ਨੂੰ ਸਦੀਵੀ ਜ਼ਿੰਦਗੀ ਦੇ ਸਕੇ। ਪਰ ਕੀ ਕੋਈ ਵੇਲਾ ਆਪਣੇ ਆਪ ਵਿਚ ਅੰਮ੍ਰਿਤ ਹੋ ਸਕਦਾ ਹੈ?

ਭਾਈ ਵੀਰ ਸਿੰਘ ਜੀ ਅਤੇ ਪ੍ਰਿੰ: ਸਤਬੀਰ ਸਿੰਘ ਜੀ ਨੇ ਵੀ ਸਾਹਿਬ ਸਿੰਘ ਜੀ ਅਥਵਾ ਸੰਤ ਸਿੰਘ ਮਸਕੀਨ ਵਾਂਗ ਹੀ ਇਨ੍ਹਾਂ ਸ਼ੰਕਿਆਂ ਨੂੰ ਸਾਫ਼ ਨਹੀਂ ਕੀਤਾ:

(1) **ਕੀ ਕਿਸੇ ਵੇਲੇ ਨੂੰ ਅੰਮ੍ਰਿਤ ਵੇਲਾ ਮੰਨਣ ਨਾਲ ਗੁਰਦੇਵ ਜੀ ਦੇ ਦੋ ਪੱਕੇ ਸਿਧਾਂਤਾਂ ਦੀ ਖੰਡਣਾ ਤਾਂ ਨਹੀਂ ਹੋਈ? (ਪੱਕੇ ਸਿਧਾਂਤ- (ੳ) ਕੋਈ ਵੇਲਾ ਆਪਣੇ ਆਪ ਵਿਚ ਚੰਗਾ ਜਾਂ ਮਾੜਾ ਨਹੀਂ ਹੈ। (ਅ) ਪ੍ਰਭੂ ਦੇ ਨਾਮ ਨਾਲ ਜੋੜਨ ਵਾਲੀ ਗੁਰਬਾਣੀ ਹੀ ਅੰਮ੍ਰਿਤ ਹੈ ਹੋਰ ਦੂਜੀ ਵਸਤੂ ਅਥਵਾ ਸਮਾਂ ਸਦੀਵੀ (ਆਤਮਕ) ਜੀਵਨ ਦੇਣ ਵਾਲੀ ਨਹੀਂ ਹੈ।)**

(2) **ਕੀ ਗੁਰਦੇਵ ਜੀ ਨੇ ਐਵੇਂ ਪੁਰਾਣਕ ਕਾਲ ਤੋਂ ਪ੍ਰਚਲਤ ਰੀਤ ਵਾਂਗ ਹੀ ਸਵੇਰ ਦੇ ਸਮੇਂ ਨੂੰ ਅੰਮ੍ਰਿਤ ਵੇਲਾ ਕਿਹਾ ਹੈ?**

(3) **ਕੀ ਗੁਰਦੇਵ ਜੀ ਵੱਲੋਂ ਕੀਤੀ ਹੋਈ ਕਿਸੇ ਹੋਰ ਡੂੰਘੀ ਰਮਜ਼ ਦੀ ਸੰਭਾਵਨਾ ਤੇ ਨਹੀਂ ਹੈ?**

(4) **ਦੋਹਾਂ ਵਿਦਵਾਨਾਂ ਨੇ ਵਿਆਖਿਆ ਵਿਚ ਸਾਰੀ ਉਮਰ ਦੇ ਜਾਪ ਕਰਨ ਦਾ ਉਪਦੇਸ਼ ਪਉੜੀ ਦੀ ਕਿਸ ਤੁਕ ਦੇ ਆਧਾਰ 'ਤੇ ਲਿਖਿਆ ਹੈ? ਪਉੜੀ ਵਿਚ ਤਾਂ ਸਿਰਫ਼ ਏਨਾ ਹੀ ਲਿਖਿਆ ਹੈ- *'ਅੰਮ੍ਰਿਤ ਵੇਲਾ ਸਚੁ ਨਾਉ ਵਡਿਆਈ ਵੀਚਾਰੁ॥'* ਸਾਰੀ ਉਮਰ ਸੁਆਸ ਸੁਆਸ ਨਾਮ ਸਿਮਰਨ ਦਾ ਸੰਕੇਤ ਕਿਥੋਂ ਮਿਲਦਾ ਹੈ?**

(5) **ਕੀ ਗੁਰਬਾਣੀ ਵਿਚ ਕਿਸੇ ਹੋਰ ਥਾਂ ਦੀ ਸਵੇਰ ਵੇਲੇ ਨੂੰ ਅੰਮ੍ਰਿਤ ਵੇਲਾ ਲਿਖ ਕੇ ਨਾਮ ਸਿਮਰਨ ਦਾ ਉਪਦੇਸ਼ ਕੀਤਾ ਹੈ?**

ਦਾਸ ਦੀ ਤੁੱਛ ਬੁੱਧੀ ਅਨੁਸਾਰ ਗੁਰਬਾਣੀ ਦੇ ਉਹੀ ਅਰਥ ਸਹੀ ਮੰਨਣੇ ਚਾਹੀਦੇ ਹਨ, ਜਿਨ੍ਹਾਂ ਤੋਂ ਗੁਰਮਤਿ ਦੇ ਕਿਸੇ ਵੀ ਸਿਧਾਂਤ ਦੀ ਖੰਡਣਾ ਨਾ ਹੁੰਦੀ ਹੋਵੇ। ਗੁਰਮਤਿ ਦੇ ਕਿਸੇ ਵੀ ਸਿਧਾਂਤ ਦੀ ਖੰਡਣਾ ਵਾਲਾ ਅਰਥ ਜੇ ਠੀਕ ਮੰਨ ਲਵਾਂਗੇ ਤਾਂ ਅਸੀਂ ਇਹ ਕਹਿ ਰਹੇ ਹੋਵਾਂਗੇ ਕਿ ਗੁਰਮਤਿ ਦਾ ਇਕ ਪੱਕਾ ਸਿਧਾਂਤ ਕੋਈ ਨਹੀਂ ਹੈ। ਭਾਵ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਵਿਚ ਵੀ ਪੁਰਾਣਾਂ ਆਦਿ (ਹਿੰਦੂ ਮਤਿ ਦੇ ਗ੍ਰੰਥਾਂ) ਵਾਂਗ ਸਵੈ-ਵਿਰੋਧੀ ਵਿਚਾਰ ਹਨ।

ਜਦ ਅਸੀਂ ਸਮਝ ਚੁੱਕੇ ਹਾਂ ਕਿ ਗੁਰਮਤਿ ਅਨੁਸਾਰ ਕਿਸੇ ਸਮੇਂ ਨੂੰ ਕੋਈ ਵਿਸ਼ੇਸ਼ਤਾ ਤਦ ਹੀ ਮਿਲਦੀ ਹੈ, ਜੇ ਉਸ ਸਮੇਂ ਪ੍ਰਭੂ ਨਾਮ ਦਾ ਸਿਮਰਨ ਕੀਤਾ ਜਾਵੇ ਅਥਵਾ ਮਨੁੱਖਤਾ ਦੀ ਭਲਾਈ ਵਾਲਾ ਬੜਾ ਨੇਕ ਕੰਮ ਕੀਤਾ ਜਾਵੇ, ਨਹੀਂ ਤਾਂ ਆਪਣੇ ਆਪ ਵਿਚ ਕੋਈ ਸਮਾਂ ਚੰਗਾ ਜਾਂ ਮਾੜਾ ਨਹੀਂ ਹੋ ਸਕਦਾ। ਫਿਰ ਉਹੀ ਅਭੁੱਲ ਸਤਿਗੁਰੂ ਸਾਹਿਬ ਜੀ ਕਿਸੇ ਸਮੇਂ ਨੂੰ ਅੰਮ੍ਰਿਤ ਵੇਲਾ ਕਹਿ ਕੇ ਉਸ ਦੀ ਵਿਸ਼ੇਸ਼ਤਾ ਵਿਚ ਵਾਧਾ ਕਿਵੇਂ ਕਰ ਸਕਦੇ ਹਨ? ਕੀ ਕੋਈ ਸਮਾਂ ਆਪਣੇ ਆਪ ਵਿਚ ਅੰਮ੍ਰਿਤ ਅਥਵਾ ਸਦੀਵੀ ਜ਼ਿੰਦਗੀ ਦੇਣ ਦੀ ਸ਼ਕਤੀ ਵਾਲਾ ਹੋ ਸਕਦਾ ਹੈ? ਸਮੇਂ ਬਾਰੇ ਗੁਰਮਤਿ ਦੇ ਉਪਰੋਕਤ ਸਿਧਾਂਤ ਨੂੰ ਮੁੱਖ ਰੱਖਦਿਆਂ, **ਪੰਥ ਦੇ ਵਿਦਵਾਨਾਂ ਨੇ ਇਹ ਭੇਤ ਨਹੀਂ ਸਮਝਾਇਆ ਕਿ ਹੋਰ ਸਮਿਆਂ ਵਿਚੋਂ ਪਿਛਲੀ ਰਾਤ ਵੇਲੇ ਨੂੰ ਏਡੀ ਕਰਾਮਾਤੀ ਮਹੱਤਤਾ ਕਿਵੇਂ ਮਿਲੀ?** ਗੁਰਦੇਵ ਜੀ ਨੇ ਤਾਂ ਅਜਿਹਾ ਨਿਖੇੜਾ ਕਿਤੇ ਨਹੀਂ ਕੀਤਾ ਹੋਇਆ? ਗੁਰਬਾਣੀ ਦੀ ਵਿਚਾਰ ਤੋਂ ਇਹ ਸਿੱਧ ਨਹੀਂ ਹੋ ਸਕਦਾ ਕਿ ਅੱਠਾਂ ਪਹਿਰਾਂ ਵਿਚੋਂ ਸਿਰਫ਼ ਰਾਤ ਦੇ ਪਿਛਲੇ ਪਹਿਰ ਵਿਚ ਹੀ ਅਜਿਹੀ ਸ਼ਕਤੀ ਹੈ, ਜੋ ਮਨੁੱਖ ਨੂੰ ਪਰਮਾਤਮਾ ਦੀ ਹਜ਼ੂਰੀ ਵਿਚ ਇੱਜ਼ਤ ਮਾਣ ਵਾਲੀ ਥਾਂ ਦਿਵਾ ਸਕਦਾ ਹੈ। ਪ੍ਰਭੂ ਦੀ ਯਾਦ ਲਈ ਕਿਸੇ ਖ਼ਾਸ ਸਮੇਂ ਦੀ ਉਡੀਕ ਕਰਨ ਦੀ ਲੋੜ ਹੁੰਦੀ ਤਾਂ ਸਤਿਗੁਰਾਂ ਦਾ ਬਚਨ- ***ਜਿਤੁ ਵੇਲਾ ਵਿਸਰਹਿ ਤਾ ਲਾਗੈ ਹਾਵਾ॥੧॥੨॥....., ਆਖਾ ਜੀਵਾ ਵਿਸਰੈ ਮਰਿ ਜਾਉ॥*** ਅਰਥਹੀਣ ਬਣ ਜਾਣਾ ਸੀ।

ਇਹ ਗੱਲ ਵੀ ਨਹੀਂ ਭੁੱਲਣੀ ਚਾਹੀਦੀ ਕਿ ਗੁਰਦੇਵ ਜੀ ਨੇ ਨਾਮ ਸਿਮਰਨ ਵਾਸਤੇ ਕੋਈ ਖ਼ਾਸ ਸਮਾਂ ਨਿਸਚਿਤ ਨਹੀਂ ਕੀਤਾ, ਸਗੋਂ ਹਰ ਸੁਆਸ ਨਾਲ ਨਾਮ ਸਿਮਰਨ ਦਾ ਉਪਦੇਸ਼ ਹੈ। ਸਤਿਗੁਰਾਂ ਦਾ ਸਪੱਸ਼ਟ ਫ਼ੁਰਮਾਨ ਹੈ ਕਿ ਭਗਤੀ ਵਾਸਤੇ ਕਿਸੇ ਖ਼ਾਸ ਵੇਲੇ ਵਕਤ ਦੀ ਵਿਚਾਰ ਵਿਚ ਨਹੀਂ ਪੈਣਾ ਚਾਹੀਦਾ।

## ਕਾਲਾ ਅਫ਼ਗਾਨਾ ਦਾ ਅੰਮ੍ਰਿਤ ਵੇਲੇ ਦੀ ਵਿਚਾਰਧਾਰਾ

ਗੁਰੂ-ਬਾਣੀ ਸ਼ਬਦਾਂ ਦੇ ਪੜ੍ਹਨ ਤੋਂ ਜੋ ਸਮਝ ਆਉਂਦੀ ਹੈ, ਉਸ ਦਾ ਵੇਰਵਾ ਇਸ ਪ੍ਰਕਾਰ ਹੈ:

(1) ਸਾਰਿਆਂ ਪਾਵਨ ਸ਼ਬਦਾਂ ਵਿਚ ਤੜਕੇ ਦੇ ਸਮੇਂ ਵਾਸਤੇ ਝਾਲਾਘੇ, ਚਿੜੀ ਚੁਹਕੀ, ਪ੍ਰਾਤਹਕਾਲਿ, ਉਗਵੈ ਸੂਰ, ਭਿੰਨੀ ਰੈਨੜੀਏ, ਝਾਲੂ, ਸੁਬਹੁ, ਪਛਾ ਰਾਤ, ਚਉਥੈ ਪਹਿਰੇ ਸਬਾਹ ਕੇ ਆਦਿ ਸ਼ਬਦ ਤਾਂ ਵਰਤੇ ਹਨ ਪਰ ਉਸ ਸਮੇਂ ਨੂੰ ਅੰਮ੍ਰਿਤ ਵੇਲਾ ਕਿਤੇ ਨਹੀਂ ਕਿਹਾ ਗਿਆ।

(2) ਤੜਕੇ ਦੇ ਸਮੇਂ ਜਦ ਪੂਰਨ ਟਿਕਾਉ ਦਾ ਸਮਾਂ ਹੈ ਅਤੇ ਮਨੁੱਖ ਦਾ ਦਿਮਾਗ ਵੀ ਨੀਂਦ ਦੁਆਰਾ ਆਰਾਮ ਕਰ ਲੈਣ ਨਾਲ ਮੁੜ ਪ੍ਰਫੁੱਲਤ ਹੋ ਚੁੱਕਾ ਹੁੰਦਾ ਹੈ, ਉਸ ਸਮੇਂ ਸਿਮਰਨ ਵਿਚ ਜੁੜਨ ਦਾ ਉਪਦੇਸ਼ ਸਾਰੇ ਗੁਰੂ-ਸ਼ਬਦਾਂ ਵਿਚ ਬਾਰ ਬਾਰ ਹੈ। ਕਿਉਂਕਿ ਉਸ ਸਮੇਂ ਸਿਮਰਨ ਵਿਚ ਜੁੜਨ ਦੀ ਸਾਧਨਾ ਨਾਲ ਪ੍ਰਭੂ ਦੀ ਯਾਦ ਨੂੰ ਆਪਣੇ ਮਨ ਵਿਚ ਟਿਕਾ ਕੇ ਸੁਆਸ ਸੁਆਸ ਸਿਮਰਨ ਦਾ ਸੁਭਾ ਬਣਾਉਣ ਵਿਚ ਉਚੇਚੀ ਸਹਾਇਤਾ ਮਿਲਦੀ ਹੈ। ਪਰ ਧਿਆਨ ਦੇਣ ਵਾਲੀ ਇਹ ਗੱਲ ਵੀ ਹੈ ਕਿ ਸਾਰੇ ਗੁਰੂ-ਸ਼ਬਦਾਂ ਵਿਚ ਤੜਕੇ ਉੱਠ ਕੇ ਸਿਮਰਨ ਕਰਨ ਦੇ ਹੁਕਮ ਦੇ ਨਾਲ ਹੀ ਹਰ ਸਮੇਂ ਨਾਮ ਜਪਣ ਦੀ ਉਚੇਚੀ ਤਾਕੀਦ ਵੀ ਕੀਤੀ ਹੋਈ ਹੈ। ਸਿਰਫ਼ ਸਵੇਰ ਦੇ ਵੇਲੇ ਵਿਚ ਹੀ ਨਾਮ ਸਿਮਰਨ ਦੀ ਕੋਈ ਖ਼ਾਸ ਮਹਿਮਾ ਜਾਂ ਉਚੇਚੇ ਫਲ ਮਿਲਣ ਦੀ ਗੱਲ ਨਹੀਂ ਹੈ।

(3) ਕਿਸੇ ਵੀ ਸ਼ਬਦ ਤੋਂ ਇਹ ਸੰਕੇਤ ਨਹੀਂ ਮਿਲਦਾ ਕਿ ਸਿਰਫ਼ ਪਿਛਲੀ ਰਾਤ ਟਿਕ ਕੇ ਪ੍ਰਭੂ ਨਾਮ ਦਾ ਜਾਪ ਕਰ ਲੈਣਾ ਕਾਫ਼ੀ ਹੈ ਅਤੇ ਬਾਕੀ ਸਾਰਾ ਦਿਨ ਮਨ ਆਈਆਂ ਕਰਨ ਦੀ ਪੂਰੀ ਖੁੱਲ੍ਹ ਹੋ ਜਾਂਦੀ ਹੈ।

ਜੇ ਸਵੇਰ ਦੀ ਇਸ ਅਤੀ ਸੁੰਦਰ ਸਮੇਂ ਨੂੰ ਗੁਰਦੇਵ ਜੀ ਅੰਮ੍ਰਿਤ ਜਾਂ ਅੰਮ੍ਰਿਤ-ਮਈ ਵੇਲਾ ਸਮਝਦੇ ਹੁੰਦੇ ਤਾਂ (ਚੌਥੀ ਪਉੜੀ ਦੇ ਉਪਰੰਤ ਤੜਕੇ ਵੇਲੇ ਲਈ) ਅੰਮ੍ਰਿਤ ਵੇਲਾ ਸ਼ਬਦ ਹੋਰ ਵੀ ਕਈ ਥਾਈਂ ਵਰਤਦੇ। ਉਪਰ ਲਿਖੇ ਗੁਰਬਾਣੀ ਸ਼ਬਦਾਂ ਵਿਚ ਅੰਮ੍ਰਿਤ ਵੇਲਾ ਸ਼ਬਦ ਹੋਰ ਕਿਸੇ ਥਾਂ ਨਾ ਵਰਤਿਆ ਜਾਣਾ ਸਾਬਤ ਕਰਦਾ ਹੈ ਕਿ ਗੁਰਦੇਵ ਜੀ ਕਿਸੇ ਵੀ ਸਮੇਂ ਨੂੰ ਉਚੇਚੀ ਧਾਰਮਿਕ ਵਿਸ਼ੇਸ਼ਤਾ ਨਹੀਂ ਸਨ ਦੇ ਰਹੇ। ਅਜਿਹਾ ਕਰਨ ਨਾਲ ਜਿਥੇ ਗੁਰਮਤਿ ਦੇ ਨਿਆਰੇ ਸਿਧਾਂਤ ਦੀ ਖੰਡਣਾ ਸੀ, ਓਥੇ ਨਾਲ ਹੀ ਬ੍ਰਾਹਮਣ ਦੀ ਉਸ ਲੁੱਟ ਖਸੁੱਟ ਵਾਲੀ ਮਰਯਾਦਾ ਦੀ ਗੁਰਮਤਿ-ਪ੍ਰੋੜ੍ਹਤਾ ਹੋ ਜਾਣੀ ਸੀ, ਜਿਹੜੀ ਉਸ ਨੇ ਸ਼ੁਭ ਅਥਵਾ ਅਸ਼ੁਭ ਸਮੇਂ ਦਾ ਭਰਮ ਪਾ ਕੇ ਚਾਲੂ ਕੀਤੀ ਹੋਈ ਸੀ।

ਵਿਦਵਾਨਾਂ ਦੇ ਇਸ ਵਿਚਾਰ ਨਾਲ ਪੂਰੀ ਸਹਿਮਤੀ ਹੈ ਕਿ ਚੌਥੇ ਪਹਿਰ ਦੇ ਸਮੇਂ ਸ਼ਾਂਤੀ, ਟਿਕਾਉ, ਅਡੋਲਤਾ ਅਤੇ ਸੀਤਲਤਾ ਵਾਲਾ ਵਾਤਾਵਰਨ ਹੁੰਦਾ ਹੈ। ਮਨੁੱਖ ਦਾ ਦਿਮਾਗ ਵੀ ਸਾਰੇ ਥਕੇਵਿਆਂ ਤੋਂ ਰਹਿਤ ਹੋ ਕੇ ਉਸ ਸਮੇਂ ਤਾਈਂ ਸੋਚ ਮੰਡਲ ਵਿਚ ਬਹੁਤੀ ਸਫ਼ਲਤਾ ਨਾਲ ਪ੍ਰਵੇਸ਼ ਕਰ ਸਕਣ ਦੇ ਯੋਗ ਬਣ ਚੁੱਕਾ ਹੁੰਦਾ ਹੈ। ਭਾਈ ਨੰਦ ਲਾਲ ਜੀ 'ਗੋਇਆ' ਨੇ ਆਪਣੀ ਗਜ਼ਲ ਨੰਬਰ 17 ਵਿਚ ਇਸ ਸਮੇਂ ਜਾਗਣ ਬਾਰੇ ਇਉਂ ਲਿਖਿਆ ਹੈ:

***ਬੇਦਾਰੀ ਅਸਤ ਜ਼ਿੰਦਗੀਏ ਆਰਫ਼ਾਨਿ ਸ਼ੌਕ।***
***ਗੋਇਆ ਹਰਾਮ ਕਰਦਮ ਅਜ਼ ਆਇੰਦਾ ਖ਼ਾਬ ਸੁਬਾਹ।***

ਭਾਵ, ਰੱਬੀ ਇਸ਼ਕ ਦੇ ਰਾਹ 'ਤੇ ਤੁਰਨ ਵਾਲਿਆਂ ਲਈ ਅੰਮ੍ਰਿਤ ਵੇਲੇ ਜਾਗਣਾ ਜ਼ਿੰਦਗੀ ਹੈ। ਹੇ ਗੋਇਆ! ਮੈਂ ਵੀ ਅੱਜ ਤੋਂ ਸਵੇਰ ਵੇਲੇ ਸੁੱਤੇ ਰਹਿਣ ਨੂੰ ਹਰਾਮ ਸਮਝ ਲਿਆ ਹੈ। ਤੜਕੇ ਉੱਠਣਾ ਬੜਾ ਮੁਬਾਰਕ ਹੈ।

ਦਾਸ ਨੇ ਕਈ ਸਾਲਾਂ ਤੋਂ ਸਵੇਰੇ ਤਿੰਨ ਵਜੇ ਤੋਂ ਜਾਗ ਕੇ ਗੁਰਬਾਣੀ ਵਿਚਾਰ ਨਾਲ ਜੁੜੇ ਰਹਿਣਾ, ਆਪਣੀ ਜੀਵਨ ਮਰਯਾਦਾ ਬਣਾਈ ਹੋਈ ਹੈ ਅਤੇ ਹਿਰਦੇ ਦੀ ਡੂੰਘਾਈ ਤੋਂ ਅਰਦਾਸ ਹੈ ਕਿ ਆਖ਼ਰੀ ਸੁਆਸਾਂ ਤਕ ਇਹ ਅਨੰਦ ਬਣਿਆ ਰਹੇ। ਪਰ ਸੰਸਾਰ ਵਿਚ ਵਰਤ ਰਹੀ ਇਸ ਸੱਚਾਈ ਨੂੰ ਕਿਵੇਂ ਅੱਖੋਂ ਉਹਲੇ ਕੀਤਾ ਜਾ ਸਕਦਾ ਹੈ ਕਿ ਉਸ ਸਮੇਂ ਜਾਗਣ ਵਾਲਾ ਮਨੁੱਖ ਬਣੇ ਹੋਏ ਆਪਣੇ ਜੀਵਨ-ਢੰਗ ਅਨੁਸਾਰ ਕਿਹੋ ਜਿਹੀਆਂ ਵਿਚਾਰਾਂ ਵਿਚ ਡੁੱਬਦਾ ਹੈ? ਅਜਿਹਾ ਬੰਧਨ ਪਾ ਸਕਣ ਦੀ ਸ਼ਕਤੀ ਕਿਸੇ ਵੀ ਸਮੇਂ ਵਿਚ ਕਦੇ ਕਿਸੇ ਦੇ ਤਜ਼ਰਬੇ ਵਿਚ ਨਹੀਂ ਆਈ। ਦੁਨੀਆਂ ਦੇ ਕਿਸੇ ਅਵਤਾਰ, ਪੈਗ਼ੰਬਰ, ਵਲੀ-ਅੱਲ੍ਹਾ, ਸਿੱਧ, ਵਿਦਵਾਨ, ਸਾਇੰਸਦਾਨ ਅਥਵਾ ਕਿਸੇ ਗੁਰੂ ਨੇ ਅੱਜ ਤਾਈਂ ਦੁਨੀਆਂ ਨੂੰ ਕਿਸੇ ਅਜਿਹੇ ਸਮੇਂ ਦੀ ਦੱਸ ਨਹੀਂ ਪਾਈ, ਜਿਸ ਸਮੇਂ ਜਾਗਣ ਵਾਲਾ ਹਰ ਮਨੁੱਖ, ਨਾਸਤਕ ਤੋਂ ਆਸਤਕ, ਚੋਰ ਤੋਂ ਸਾਧ ਅਥਵਾ ਬਦ ਤੋਂ ਨੇਕ ਬਣ ਜਾਂਦਾ ਹੈ।

**ਗੁਰਬਾਣੀ ਦੇ ਕਿਸੇ ਵੀ ਸ਼ਬਦ ਵਿਚੋਂ ਇਸ ਗੱਲ ਦਾ ਭਰੋਸਾ ਮਿਲਦਾ ਨਜ਼ਰ ਨਹੀਂ ਆਉਂਦਾ ਕਿ ਪਿਛਲੀ ਰਾਤ ਦੇ ਸਮੇਂ ਵਿਚ ਅਜਿਹੀ ਕਰਾਮਾਤੀ ਸ਼ਕਤੀ ਹੈ ਕਿ ਉਸ ਸਮੇਂ ਜਾਗਣ ਵਾਲੇ ਸਾਰੇ ਹੀ ਉੱਚੇ ਆਚਰਨ ਵਾਲੇ ਬਣ ਜਾਂਦੇ ਹਨ ਜਾਂ ਉਹ ਵੇਲਾ ਅਜਿਹਾ ਅੰਮ੍ਰਿਤ ਹੈ ਜੋ ਉਸ ਸਮੇਂ ਬਾਣੀਆਂ ਦਾ ਮੰਤ੍ਰ-ਪਾਠ ਕਰਨ ਵਾਲਿਆਂ ਨੂੰ ਸਦਾ ਲਈ ਅਮਰ ਕਰ ਦਿੰਦਾ ਹੈ, ਜਾਂ ਉਨ੍ਹਾਂ ਨੂੰ ਮਰਜੀਵੇ ਬਣਾਉਂਦਾ ਹੈ।** ਉਸ ਸਮੇਂ ਵਾਹੀਕਾਰ ਹਲ ਪੰਜਾਲੀਆਂ ਲੈ ਕੇ ਖੇਤਾਂ ਨੂੰ ਜਾਂਦੇ ਹਨ। ਫ਼ੌਜੀ ਜਵਾਨ ਆਪਣੇ ਵਿਰੋਧੀਆਂ 'ਤੇ ਹਮਲਾ ਕਰਨ ਨੂੰ ਬਹੁਤੀ ਵਾਰੀ ਉਹੀ ਸਮਾਂ ਠੀਕ ਮੰਨ ਕੇ ਸੁੱਤਿਆਂ ਨੂੰ ਜਾ ਨੱਪਦੇ ਰਹੇ ਅਤੇ ਕਈ ਬੇਗੁਨਾਹਾਂ ਦਾ ਕਤਲੇ-ਆਮ ਕਰਦੇ ਰਹੇ ਹਨ। ਪੁਲੀਸ ਵਾਲੇ ਵੀ ਉਪੱਦਰੀਆਂ ਨੂੰ ਕਾਬੂ ਕਰਨ ਲਈ ਪਿਛਲੀ ਰਾਤੇ ਦੌੜੇ ਫਿਰਦੇ ਵੇਖੇ ਜਾਂਦੇ ਹਨ, ਸ਼ਿਕਾਰ 'ਤੇ ਗੁਜ਼ਾਰਾ ਕਰਨ ਵਾਲੇ ਫਾਂਧੀ, ਪੰਛੀਆਂ ਆਦਿ ਨੂੰ ਫਸਾ ਕੇ ਮਾਰਨ ਲਈ ਜਾਲ ਖਿਲਾਰਦੇ ਵੀ ਤੜਕੇ ਦੇ ਉਸ ਸਮੇਂ ਕਈ ਥਾਈਂ ਵੇਖੇ ਜਾਂਦੇ ਹਨ, ਕਈ ਜ਼ਾਲਮ ਡਾਕੂਆਂ ਕਾਤਲਾਂ ਅਥਵਾ ਦੇਸ਼-ਧ੍ਰੋਹੀ ਤਸਕਰੀਆਂ ਲਈ ਅਥਵਾ ਆਚਰਨਹੀਣ ਉਪੱਦਰੀਆਂ ਲਈ ਵੀ ਉਹੀ ਸਮਾਂ ਬਹੁਤਾ ਲਾਹੇਵੰਦ ਸਿੱਧ ਹੋ ਰਿਹਾ ਹੁੰਦਾ ਹੈ। **ਅਜਿਹਾ ਸਾਰਾ ਕੁਝ ਵਿਚਾਰਨ ਉਪਰੰਤ ਕੋਈ ਸ਼ੱਕ ਨਹੀਂ ਰਹਿ ਜਾਂਦਾ ਕਿ ਕੋਈ ਵੀ ਸਮਾਂ ਆਪਣੇ ਆਪ ਵਿਚ ਅੰਮ੍ਰਿਤ ਵੇਲਾ ਨਹੀਂ ਹੋ ਸਕਦਾ। ਸਮੇਂ ਨੂੰ ਵਰਤਣ ਵਾਲਿਆਂ 'ਤੇ ਨਿਰਭਰ ਹੈ ਕਿ ਉਹ ਕਿਸੇ ਸਮੇਂ ਨੂੰ ਸਵਰਗੀ ਬਣਾਉਂਦੇ ਹਨ ਕਿ ਨਰਕੀ ਦੁਖਾਂ ਦੀ ਖਾਣ ਬਣਾਉਂਦੇ ਹਨ।**

ਸਤਿਗੁਰਾਂ ਨੇ 'ਅੰਮ੍ਰਿਤ ਵੇਲਾ' ਸ਼ਬਦ ਕੇਵਲ ਉਥੇ ਹੀ ਵਰਤਿਆ ਹੈ ਜਿਥੇ ਪ੍ਰਭੂ ਦੇ ਦਰਬਾਰ ਵਿਚ ਪਹੁੰਚਣ ਦਾ ਅਤੇ ਉਸ ਨੂੰ ਰਿਝਾਅ ਕੇ ਉਸ ਨਾਲ ਪਿਆਰ ਪਾਉਣ ਦਾ ਸਿਧਾਂਤ ਸਮਝਾਉਣਾ ਸੀ। ਪ੍ਰਭੂ ਦਰਬਾਰ ਵਿਚ ਪਹੁੰਚ ਪ੍ਰਾਪਤ ਕਰ ਸਕਣ ਲਈ ਪ੍ਰਭੂ ਦੀ ਬਖ਼ਸ਼ਸ਼ ਦੇ ਪਾਤਰ ਬਣਨ ਦਾ ਵੀ ਉਸੇ ਗੁਰੂ-ਫੁਰਮਾਨ ਵਿਚ ਜ਼ਿਕਰ ਹੈ। ਸੋ ਦਾਸ ਦੀ ਬੁੱਧੀ ਅਨੁਸਾਰ ਅੰਮ੍ਰਿਤ ਵੇਲੇ ਤੋਂ ਸਤਿਗੁਰਾਂ ਦਾ ਸੰਕੇਤ ਇਹ ਹੈ ਕਿ (ਜੀਵਨ) ਵੇਲੇ ਨੂੰ ਨਾਮ ਅੰਮ੍ਰਿਤ ਵਿਚ ਭਿਉਂ ਕੇ ਭਗਤੀ ਰੱਤੇ ਪਰਉਪਕਾਰੀ ਕਰਮਾਂ ਦੁਆਰਾ ਆਪਣੇ ਜੀਵਨ ਨੂੰ ਅੰਮ੍ਰਿਤ ਬਣਾਉਣਾ ਹੈ। ਫਿਰ ਇਹ ਗੱਲ ਵੀ ਅੱਖੋਂ ਓਹਲੇ ਕਰਨ ਵਾਲੀ ਨਹੀਂ ਹੈ ਕਿ ਮਹਾਨ ਕੋਸ਼ ਵਿਚ ਅੰਮ੍ਰਿਤ ਵੇਲੇ ਦਾ ਅਰਥ-ਮੋਖ਼ਸ਼-ਦਾਇਕ ਵੇਲਾ, ਮੁਕਤਿ ਵੇਲਾ ਵੀ ਲਿਖਿਆ ਹੈ।

ਮਲਾਰ ਰਾਗ ਦੀ ਹੀ ਸੋਲ੍ਹਵੀਂ (16ਵੀਂ) ਪਉੜੀ ਵਿਚ ਗੁਰੂ ਅਮਰਦਾਸ ਜੀ ਦਾ ਹੀ ਸਲੋਕ ਇਸ ਪ੍ਰਕਾਰ ਹੈ:

***"ਬਾਬੀਹਾ ਅੰਮ੍ਰਿਤ ਵੇਲੈ ਬੋਲਿਆ.......॥"***

*(ਅੰਗ-੧੨੮੫)*

ਕਿਸੇ ਪਸ਼ੂ ਅਥਵਾ ਪੰਖੀ ਦੀ ਆਦਤ ਨੂੰ ਕਿਸੇ ਵੇਲੇ ਦੀ ਚੋਣ ਕਰ ਸਕਣ ਦੀ ਸਮਝ ਨਾਲ ਜਾਂ ਪ੍ਰਭੂ ਦੀ ਭਗਤੀ ਕਰ ਸਕਣ ਵਾਲੇ (ਬ੍ਰਹਮ) ਗਿਆਨ ਨਾਲ, ਗੁਰੂ ਸਾਹਿਬ ਕਦੇ ਨਹੀਂ ਜੋੜ ਸਕਦੇ। ਪਪੀਹੇ ਦੇ ਨਾਮ ਨਾਲ ਪਸ਼ੂ ਸ਼ਬਦ ਵਰਤ ਕੇ ਗੁਰਦੇਵ ਜੀ ਨੇ ਸਮਝਾ ਦਿੱਤਾ ਸੀ ਕਿ ਉਨ੍ਹਾਂ ਜਿਸ ਪਪੀਹੇ ਦਾ ਜ਼ਿਕਰ ਕੀਤਾ ਹੈ, ਉਹ ਪਪੀਹਾ ਮਨੁੱਖ ਜੀਵ ਹੈ। ਸੋ ਇਸ ਸਲੋਕ ਦਾ ਅਰਥ ਇਉਂ ਹੋਇਆ- ਜਦੋਂ ਜੀਵ ਪਪੀਹਾ ਮਨੁੱਖਾ-ਦੇਹ ਵਿਚ ਆਉਣ ਵਾਲੇ ਵੇਲੇ (ਪੂਰਨ ਟਿਕਾਉ ਵਾਲੀ ਇਕਾਗਰਤਾ ਅਤੇ ਪ੍ਰੇਮ ਵਿਚ ਦ੍ਰਵ ਕੇ) ਅਰਜੋਈ ਕਰਦਾ ਹੈ ਤਾਂ ਉਸ ਦੀ ਅਰਦਾਸ ਪ੍ਰਭੂ ਦੀ ਦਰਗਾਹ ਵਿਚ ਸੁਣੀ ਜਾਂਦੀ ਹੈ। (ਪ੍ਰਭੂ ਵੱਲੋਂ ਗੁਰੂ) ਬੱਦਲ ਨੂੰ ਹੁਕਮ ਹੁੰਦਾ ਹੈ ਕਿ ਉਹ (ਇਸ ਅਰਜ਼ੋਈ ਵਾਲੇ ਉੱਤੇ) ਮਿਹਰ ਕਰਕੇ (ਨਾਮ ਦੀ) ਵਰਖਾ ਕਰੇ। (ਮੇਘਾ- ਗੁਰੂ ਹੈ ਅਤੇ ਅੰਮ੍ਰਿਤ ਵੇਲਾ- ਮਨੁੱਖਾ ਦੇਹ ਦੇ ਸਮੇਂ ਨੇ ਬਣਨਾ ਹੈ) ਜਿਨ੍ਹਾਂ ਮਨੁੱਖਾਂ ਨੇ ਪ੍ਰਭੂ ਨੂੰ ਆਪਣੇ ਹਿਰਦੇ ਵਿਚ ਵਸਾਇਆ ਹੈ ਮੈਂ ਉਨ੍ਹਾਂ ਤੋਂ ਸਦਕੇ ਜਾਂਦਾ ਹੈ। ਹੇ ਨਾਨਕ! ਸਤਿਗੁਰੂ ਦੇ ਸ਼ਬਦ-ਗਿਆਨ ਦੇ ਰਾਹੀਂ (ਨਾਮ ਦੀ) ਵੀਚਾਰ ਕੀਤਿਆਂ (ਭਾਵ, ਨਾਮ ਸਿਮਰਿਆਂ) ਨਾਮ ਦੀ ਬਰਕਤਿ ਨਾਲ ਸਾਰੀ ਸ੍ਰਿਸ਼ਟੀ ਹਰੀ ਭਰੀ ਹੋ ਜਾਂਦੀ ਹੈ।

(ੳ) ਮਨੁੱਖਾ ਜੀਵਨ ਦੇ ਸਮੇਂ ਨੂੰ ਅੰਮ੍ਰਿਤ ਵੇਲਾ ਬਣਾਉਣਾ ਹੈ। ਜਪੁ (ਜੀ) ਦੀ ਚੌਥੀ ਪਉੜੀ ਵਿਚ, ਉੱਚੇ ਆਚਰਨ ਵਾਲੇ ਜੀਵਨ ਦੀ ਭੇਟਾ ਤਿਆਰ ਕਰਨ ਦਾ ਉਪਦੇਸ਼ ਹੈ। ਇਸ ਤਰ੍ਹਾਂ ਅੰਮ੍ਰਿਤ ਬਣ ਚੁੱਕੇ ਜੀਵਨ ਦੀ ਬਰਕਤਿ ਨਾਲ (ਮਨ ਵਿਚਲੀ ਕੂੜ ਦੀ ਪਾਲ ਖੇਰੂੰ ਖੇਰੂੰ ਹੋ ਜਾਣੀ ਹੈ। ਪ੍ਰਭੂ ਦੇ ਨਾਮ ਅੰਮ੍ਰਿਤ ਵਿਚ ਭਿੱਜੇ ਨੇਤਰਾਂ ਨੂੰ ਫਿਰ ਪ੍ਰਭੂ ਦੇ ਪਿਆਰ ਵਿਚ ਰੰਗੇ ਮਨ ਵਾਲੀ ਇਸ ਅਨਮੋਲ ਮਨੁੱਖਾ-ਦੇਹੀ ਦੇ ਅੰਦਰ ਹੀ ਲੱਗੇ ਹੋਏ) ਸਚਿਆਰ ਵਾਹਿਗੁਰੂ ਦੇ ਦਰਬਾਰ ਦੇ ਦਰਸ਼ਨ ਹੋ ਜਾਣਗੇ।

(ਅ) ***ਗੁਰ ਅੰਮ੍ਰਿਤ ਭਿੰਨੀ ਦੇਹੁਰੀ ਅੰਮ੍ਰਿਤੁ ਬੁਰਕੇ ਰਾਮ ਰਾਜੇ॥*** ਕੇਵਲ ਭਾਉ ਪ੍ਰੇਮ ਦੀ ਬੋਲੀ ਸਮਝਣ ਵਾਲੇ ਅਪਾਰ ਪ੍ਰਭੂ ਦੇ ਮਿੱਠੇ ਨਾਮ ਅੰਮ੍ਰਿਤ ਨਾਲ ਭਿੱਜੀ ਹੋਈ (ਬੁਰਕੇ) ਦੇਹੁਰੀ (ਮਨੁੱਖ) ਦੇ ਬਚਨ ਵੀ ਪ੍ਰਭੂ ਪ੍ਰੇਮ ਵਿਚ ਭਿੱਜੇ ਹੋਣ ਕਰਕੇ ਮਿੱਠੇ ਬਣ ਜਾਣੇ ਹਨ। ਕੂੜ ਦੀ ਪਾਲ ਅਰਥਾਤ ਕੂੜ ਦੇ ਮੋਹ ਨਾਲ ਬਣੀ ਕੰਧ ਢਹਿ ਢੇਰੀ ਹੋ ਕੇ ਵਿਸਮਾਦੀ ਅਨੰਦ ਦੀ ਪ੍ਰਾਪਤੀ ਹੋ ਜਾਣੀ ਹੈ। ਗੁਰੂ ਦੀ ਮਤਿ ਅਨੁਸਾਰ ਜੀਵਨ-ਜੁਗਤ ਸੁਆਰ ਲੈਣ ਨਾਲ ਮਾਇਆ ਦੇ ਮੋਹ ਵਿਚ ਫਸ ਕੇ ਬਿਖ ਬਣ ਚੁੱਕੇ ਸਰੀਰ ਨੂੰ ਅੰਮ੍ਰਿਤ ਬਣਾਉਣਾ ਹੈ:

***ਬਿਖੁ ਸੇ ਅੰਮ੍ਰਿਤ ਭਏ ਗੁਰਮਤਿ ਬੁਧਿ ਪਾਈ॥***
***ਅਕਹੁ ਪਰਮਲ ਭਏ***
***ਅੰਤਰਿ ਵਾਸਨਾ ਵਸਾਈ॥੫॥੨॥***

*(ਅੰਗ-੫੬੫)*

ਅਰਥ: *ਜਿਹੜੇ ਮਨੁੱਖ ਗੁਰੂ ਦੀ ਮਤ ਉੱਤੇ ਤੁਰ ਕੇ ਸ੍ਰੇਸ਼ਟ ਅਕਲ ਹਾਸਲ ਕਰ ਲੈਂਦੇ ਹਨ, ਉਹ ਮਾਨੋ ਜ਼ਹਿਰ ਤੋਂ ਅੰਮ੍ਰਿਤ ਬਣ ਜਾਂਦੇ ਹਨ, ਉਹ (ਮਾਨੋ) ਅੱਕ ਤੋਂ ਚੰਦਨ ਬਣ ਜਾਂਦੇ ਹਨ, ਉਨ੍ਹਾਂ ਦੇ ਅੰਦਰ (ਸੁੱਚੇ ਆਤਮਕ ਜੀਵਨ ਦੀ) ਸੁਗੰਧੀ ਆ ਵੱਸਦੀ ਹੈ॥*

ਆਪਣੇ ਇਸੇ ਸਿਧਾਂਤ ਨੂੰ ਹੋਰ ਚੰਗੀ ਤਰ੍ਹਾਂ ਸਪੱਸ਼ਟ ਕਰਦਿਆਂ ਸ੍ਰੀ ਗੁਰੂ ਨਾਨਕ ਸਾਹਿਬ ਜੀ ਨੇ ਮਾਝ ਕੀ ਵਾਰ ਵਿਚ ਇਸ ਤਰ੍ਹਾਂ ਫ਼ੁਰਮਾਨ ਕੀਤਾ ਹੈ:

***ਮਾਹਾ ਰੁਤੀ ਸਭ ਤੂੰ ਘੜੀ ਮੂਰਤ ਵੀਚਾਰਾ॥.....***
***.......ਹੋਰ ਜਗਤੁ ਵਣਜਾਰਾ॥***

*(ਅੰਗ-੧੪੦)*

ਇਸ ਪਾਵਨ ਗੁਰੂ-ਫ਼ੁਰਮਾਨ ਤੋਂ ਮਿਲਦੀ ਸਿਖਿਆ ਦਾ ਵੇਰਵਾ:

(1) ਸਭ ਮਹੀਨਿਆਂ , ਰੁੱਤਾਂ, ਘੜੀਆਂ ਤੇ ਮਹੂਰਤਾਂ ਵਿਚ ਪਰਮਾਤਮਾ ਨੂੰ ਸਿਮਰਿਆ ਜਾ ਸਕਦਾ ਹੈ, ਭਾਵ ਉਸ ਦੀ ਯਾਦ ਵਿਚ ਜੁੜਨ ਲਈ ਕੋਈ ਖ਼ਾਸ ਰੁੱਤ, ਥਿੱਤ ਵਾਰ ਜਾਂ ਖ਼ਾਸ ਸਮਾਂ ਨਿਯਤ ਨਹੀਂ ਹੈ।

(2) ਅਦ੍ਰਿਸ਼ਟ ਤੇ ਬੇਅੰਤ ਪ੍ਰਭੂ ਦੀ ਪ੍ਰਾਪਤੀ ਥਿੱਤਾਂ ਵਾਰਾਂ ਮਹੂਰਤਾਂ ਦਾ ਲੇਖਾ ਗਿਣ ਕੇ ਕਦੇ ਨਹੀਂ ਹੋ ਸਕਦੀ। ਅਜਿਹੀ ਥਿੱਤਾਂ ਵਾਰਾਂ ਦੀ ਵਿਦਿਆ ਪੜ੍ਹੇ ਹੋਏ ਨੂੰ ਮੂਰਖ ਆਖਣਾ ਚਾਹੀਦਾ ਹੈ, ਕਿਉਂਕਿ ਉਸ ਦੇ ਅੰਦਰ ਲੋਭ ਤੇ ਅਹੰਕਾਰ ਹੈ।

(3) ਪ੍ਰਭੂ ਨਾਮ ਨੂੰ ਬੁੱਝਣ ਦੀ ਉਸ ਦੀ ਅਸਲੀਅਤ ਨੂੰ ਸਮਝਣ ਦੀ ਪੜ੍ਹਾਈ ਕਰੀਏ, ਭਾਵ ਸਤਿਗੁਰਾਂ ਦੀ ਮਤਿ ਅਨੁਸਾਰ ਉਸ ਪ੍ਰਭੂ ਦੀ ਵਡਿਆਈਆਂ ਦੀ ਵਿਚਾਰ ਕਰਦੇ ਰਹੀਏ ਕਿਉਂਕਿ ਪਿਆਰੇ ਦੇ ਗੁਣ ਔਗੁਣ ਪਿਆਰ ਕਰਨ ਵਾਲੇ ਵਿਚ ਆ ਜਾਂਦੇ ਹਨ। ਸਤਿਗੁਰਾਂ ਦੀ ਮਤਿ ਨੇ ਮਨ ਨੂੰ ਮਾਇਆ ਦੇ ਮੋਹ ਤੋਂ ਨਿਰਲੇਪ ਕਰ ਕੇ ਪ੍ਰਭੂ ਦੇ ਪਿਆਰ ਨਾਲ ਜੋੜਨਾ ਹੈ। ਜਿਸ ਤੋਂ ਪ੍ਰਭੂ ਦੀਆਂ ਵਡਿਆਈਆਂ ਦੀ ਵਿਚਾਰ, ਸ਼ਰਧਾ ਅਤੇ ਦਿਲੀ ਪਿਆਰ ਨਾਲ ਸਦਾ ਹਿਰਦੇ ਵਿਚ ਬਿਠਾ ਕੇ ਆਪ ਵੀ ਉਨ੍ਹਾਂ ਗੁਣਾਂ ਦੇ ਮਾਲਕ ਬਣਨਾ ਹੁੰਦਾ ਹੈ। ਯਥਾ- ***ਸਤਿਗੁਰੁ ਸੇਵੇ ਸੋ ਜੋਗੀ ਹੋਇ॥ ਭੈ ਰਚਿ ਰਹੈ ਸੁ ਨਿਰਭਉ ਹੋਇ॥ ਜੈਸਾ ਸੇਵੈ ਤੈਸੋ ਹੋਇ॥੪॥*** ਇਹੀ ਹੈ ਉਹ ਨਾਮ ਧਨ ਜੋ ਸਤਿਗੁਰਾਂ ਦੀ ਮਤਿ ਅਨੁਸਾਰ ਚੱਲ ਕੇ ਖੱਟੀਦਾ ਹੈ।

(4) ਨਿਰਮਲ ਪ੍ਰਭੂ ਦੀਆਂ ਕੇਵਲ ਵਡਿਆਈਆਂ ਦੀ ਵਿਚਾਰ ਹਿਰਦੇ ਵਿਚ ਬੈਠੀ ਰਹਿਣ ਦਾ ਸਦਕਾ- ***ਜੋ ਨਿਰਮਲੁ ਸੇਵੇ ਸੁ ਨਿਰਮਲੁ ਹੋਵੈ॥*** ਅਤੇ ਫਿਰ- ***ਜੋ ਜਨੁ ਨਾਮ ਨਿਰੰਜਨ ਰਾਤਾ॥ ਨਾਨਕ ਸੋਈ ਪੁਰਖੁ ਬਿਧਾਤਾ॥੫੧॥*** ਫਿਰ ਜਦ ਇਸ ਤਰ੍ਹਾਂ ਪ੍ਰਭੂ ਨਾਲ ਇਕਸੁਰਤਾ ਹੋ ਗਈ ਤਾਂ ਮਨੁੱਖਾ ਜਨਮ ਵਾਲਾ ਇਹ ਵੇਲਾ ਪੂਰਨ ਤੌਰ ’ਤੇ ਅੰਮ੍ਰਿਤ ਬਣ ਗਿਆ। ਤਦ ਫਿਰ- ***ਨਿਰਮੁਲ ਨਾਮੁ ਮੰਨਿਆ, ਦਰਿ ਸਚੈ ਸਚਿਆਰਾ॥*** ਸਮਝੋ ਕਿ ਅਕਾਲ ਪੁਰਖ ਦੇ ਦਰਬਾਰ ਦੇ ਦੀਦਾਰੇ ਕਰਾਉਣ ਵਾਲਾ ਉਹੀ ਢੋਆ ਤਿਆਰ ਹੋ ਗਿਆ, ਜਿਸ ਦਾ ਜ਼ਿਕਰ ਸਤਿਗੁਰਾਂ ਨੇ ਜਪੁ ਸਾਹਿਬ ਦੀ ਚੌਥੀ ਪਉੜੀ ਵਿਚ ਕੀਤਾ ਹੈ- ***ਫੇਰਿ ਕਿ ਅਗੈ ਰਖੀਐ ਜਿਤੁ ਦਿਸੈ ਦਰਬਾਰੁ॥*** ਅਤੇ ਫਿਰ ਇਹ ਪੰਗਤੀ ਵੀ ਸ਼ੁਕਰਾਨੇ ਵਜੋਂ ਆਪਣੇ ਆਪ ਜ਼ੁਬਾਨ ’ਤੇ ਆ ਜਾਵੇਗੀ- ***ਜਿਸ ਦਾ ਜੀਉ ਪਰਾਣੁ ਹੈ ਅੰਤਰਿ ਜੋਤਿ ਅਪਾਰਾ॥ ਸਚਾ ਸਾਹੁ ਇਕੁ ਤੂੰ, ਹੋਰੁ ਜਗਤੁ ਵਣਜਾਰਾ॥੬॥***

ਗੁਰੂ ਦੀ ਮਤਿ ’ਤੇ ਤੁਰਦਿਆਂ ਪ੍ਰਭੂ ਨਾਲ ਮਨੁੱਖ ਦੀ ਡੂੰਘੀ ਜਾਣ-ਪਛਾਣ ਬਣ ਜਾਣੀ ਹੈ, ਮਾਇਆ ਦਾ ਮੋਹ ਅੰਦਰੋਂ ਖ਼ਤਮ ਹੋ ਜਾਣਾ ਹੈ ਤਾਂ ਫਿਰ- ***ਅੰਦਰਹੁ ਜਿਨ ਕਾ ਮੋਹੁ ਤੁਟਾ ਤਿਨ ਕਾ ਸਬਦੁ ਸਚੈ ਸਵਾਰਿਆ॥*** ਹੁਣ ਗੁਰਮਤਿ ਨੇ ਸੁਚ-ਆਚਾਰ ਵਾਲਾ ਬਣਾ ਕੇ ਮਨੁੱਖਾ ਸਰੀਰ ਨੂੰ ਨਾਮ

ਅੰਮ੍ਰਿਤ ਵਿਚ ਭਿਉਂ ਕੇ ਇਸ ਨੂੰ ਅਜਿਹਾ ਅੰਮ੍ਰਿਤਮਈ ਬਣਾ ਦਿੱਤਾ ਕਿ ਇਸ ਦੀ ਬੋਲ-ਬਾਣੀ ਵੀ ਮਿੱਠੀ ਹੋ ਗਈ। ਫਿਰ ਇਸ ਸਰੀਰ ਦੇ ਮੂੰਹ ਵਿਚੋਂ ਉਹੀ ਬਚਨ ਨਿਕਲਣੇ ਆਰੰਭ ਹੋ ਗਏ ਜਿਹੜੇ ਪ੍ਰੀਤਮ ਪ੍ਰਭੂ ਨੂੰ ਭਾਉਂਦੇ ਸਨ। ਫਿਰ ਅਵਸਥਾ ਅਜਿਹੀ ਮਿਠਾਸ ਵਾਲੀ ਬਣ ਜਾਣੀ ਹੈ ਕਿ ਦੁਖੀ ਹਿਰਦਿਆਂ ਨੂੰ ਸੁਖ ਪੁਚਾਉਣ ਵਾਲਾ ਮਿਠਾਸ ਭਰਿਆ ਪਿਆਰ ਵੰਡਣ ਵਿਚ ਅਨੰਦ ਆਉਣਾ ਆਰੰਭ ਹੋ ਜਾਣਾ ਹੈ ਅਤੇ ਪ੍ਰੇਮ ਲੱਦੇ ਮਿੱਠੇ ਬਚਨਾਂ ਨੂੰ ਸੁਣ ਸੁਣ ਕੇ ਪ੍ਰਭੂ ਨੇ ਆਪਣੇ ਪਿਆਰੇ ਵੱਲ ਮਿਹਰ ਦੀ ਨਦਰ ਕਰਨੀ ਹੈ। ਇਸ ਇਲਾਹੀ ਨਦਰ ਦਾ ਸਦਕਾ, ਜੀਵਨ ਮਰਨ ਦਾ ਗੇੜ ਮੁੱਕ ਜਾਣਾ ਹੈ। ਬੋਲ ਬਾਣੀ ਦੇ ਨਾਲ ਫਿਰ ਅੱਖੀਆਂ ਦੀ ਵੇਖਣੀ ਵੀ ਬਦਲ ਜਾਣੀ ਹੈ ਅਤੇ ***ਨਾਨਕ ਸੇ ਅਖੜੀਆ ਬਿਅੰਨਿ ਜਿਨੀ ਡਿਸੰਦੋ ਮਾ ਪਿਰੀ॥*** ਅੰਮ੍ਰਿਤ ਬਣ ਚੁੱਕੇ ਜੀਵਨ ਵਾਲੀਆਂ ਬਿਅੰਨਿ ਅੱਖੀਆਂ ਨੂੰ ਹਰ ਥਾਂ ਪ੍ਰਭੂ ਦਾ ਪਿਆਰਾ ਲੱਦਿਆ ਦਰਸ਼ਨ ਡਲ੍ਹਕਾਂ ਮਾਰਦਾ ਦਿੱਸ ਆਉਣਾ ਹੈ। ਸਦਾ ਖੇੜਾ ਬਣਿਆ ਰਹਿਣਾ ਹੈ। (ਜੇ ਪ੍ਰਭੂ ਦੀ ਭੇਟਾ ਲਈ ਅਜਿਹਾ ਅੰਮ੍ਰਿਤ ਵੇਲਾ ਤਿਆਰ ਨਾ ਕੀਤਾ) ਅਤੇ ਕਰਮ-ਕਾਂਡੀ ਚੱਕਰਾਂ ਵਿਚ ਪਿਆ ਰਿਹਾ ਤਾਂ ਫਿਰ ਦੇਹੀ ਰੂਪ ਕੱਪੜਾ (ਹੰਢਾਉਣ ਨੂੰ) ਮਿਲਦਾ ਰਹੇਗਾ (ਭਾਵ, ਜਨਮ, ਮਰਨ ਬਣਿਆ ਰਹੇਗਾ)।

ਨੋਟ: ਜਿਵੇਂ ਮਿੱਠੇ ਅਤੇ ਚੰਗੇ ਪਦਾਰਥਾਂ ਨੂੰ ਜਿਵੇਂ ਦੁੱਧ ਨੂੰ, ਜਿਵੇਂ ਮਿੱਠੇ ਬਚਨਾਂ ਨੂੰ ਵੀ ਉਪਮਾ ਵਜੋਂ ਅੰਮ੍ਰਿਤ ਕਿਹਾ ਗਿਆ ਹੈ, ਇਵੇਂ ਹੀ ਸਵੇਰ ਦਾ ਟਿਕਾਉ ਵਾਲਾ ਵੇਲਾ ਭਗਤ ਜਨਾਂ ਲਈ ਅਥਵਾ ਵਿਚਾਰ ਦੀ ਗੱਲ ਸੋਚਣ ਸਮਝਣ ਵਾਲੇ ਭਲੇ ਪੁਰਖਾਂ ਲਈ ਅੰਮ੍ਰਿਤ ਵੇਲਾ ਕਿਹਾ ਜਾ ਸਕਦਾ ਹੈ। ਪਰ ਵਿਸ਼ੇਸ਼ ਕਰਕੇ ਕਿਸੇ ਸਮੇਂ ਨੂੰ ਸਦੀਵੀ ਜ਼ਿੰਦਗੀ ਦੇ ਸਕਣ ਦੀ ਸ਼ਕਤੀ ਵਾਲਾ ਅੰਮ੍ਰਿਤ ਵੇਲਾ ਗੁਰਮਤਿ ਨੇ ਨਹੀਂ ਮੰਨਿਆ। ਸਮਾਂ ਉਹੀ ਅੰਮ੍ਰਿਤ ਹੈ, ਜਿਸ ਨੂੰ ਨਾਮ-ਅੰਮ੍ਰਿਤ ਵਿਚ ਭਿਉਂ ਭਿਉਂ ਕੇ ਅੰਮ੍ਰਿਤ ਬਣਾ ਲਿਆ ਹੋਵੇ। ਪਰ ਪ੍ਰਭੂ ਦੀ ਭੇਟਾ ਕਰ ਸਕਣ ਵਾਲਾ ਅਜਿਹਾ ਅੰਮ੍ਰਿਤ ਬਣਿਆ ਸਮਾਂ ਮਨੁੱਖਾ-ਜ਼ਿੰਦਗੀ ਦਾ ਇਹ ਵੇਲਾ ਹੀ ਹੈ। (ਮਰਨ ਸਮੇਂ ਤੋਂ ਪਹਿਲਾਂ) ਜਦੋਂ ਹੀ ਗੁਰਮਤਿ ਦੀ ਸੋਝੀ ਆ ਜਾਵੇ (ਭਾਵੇਂ ਗੁਰਮਤਿ-ਬੁਧਿ ਜੀਵਨ ਦੇ ਅੰਤਲੇ ਸਮੇਂ ਹੀ ਮਿਲ ਜਾਏ) ਇਕ ਪਲ ਵੀ ਗਵਾਏ ਬਿਨਾਂ ਉਸੇ ਘੜੀ, ਮਨੁੱਖ ਆਪਣੇ ਜੀਵਨ ਨੂੰ ਅੰਮ੍ਰਿਤ ਬਣਾ ਲੈਣ ਦੇ ਆਹਰੇ ਲੱਗ ਜਾਏ- ***ਅੰਤਿਕਾਲਿ ਨਾਰਾਇਣੁ ਸਿਮਰੈ ਐਸੀ ਚਿੰਤਾ ਮਹਿ ਜੇ ਮਰੈ॥*** ਗੁਰੂ ਬਚਨ ਸਿੱਧ ਕਰਦਾ ਹੈ ਕਿ ਮੌਤ ਦੇ ਉਸ ਸਮੇਂ ਵੀ ਮਨੁੱਖਾ ਜੀਵਨ ਅੰਮ੍ਰਿਤ ਬਣ ਸਕਦਾ ਹੈ। ਪ੍ਰਭੂ ਦੇ ਅੱਗੇ ਅੰਮ੍ਰਿਤ ਬਣਿਆ ਇਹੀ ਢੋਆ ਰੱਖਣ ਦੀ ਗੱਲ ਸਤਿਗੁਰਾਂ ਨੇ ਕੀਤੀ ਹੈ। ਸਦੀਵੀ ਆਤਮਕ ਜੀਵਨ ਦੇ ਸਕਣ ਵਾਲਾ ਅੰਮ੍ਰਿਤ ਜਲ ਕੇਵਲ ਅਤੇ ਕੇਵਲ ਪ੍ਰਭੂ-ਨਾਮ ਦਾ ਸਿਮਰਨ ਹੀ ਹੈ। ਜਪੁ ਸਾਹਿਬ ਵਿਚ ਸਮੇਂ ਦੀ ਭੇਟਾ ਤਿਆਰ ਕਰਨ ਦੇ ਸੰਕੇਤ ਨੂੰ ਕੇਵਲ ਪਿਛਲੀ ਰਾਤ ਦਾ ਵੇਲਾ ਸਮਝ ਲੈਣਾ ਦਾਸ ਦੀ ਤੁੱਛ ਬੁੱਧੀ ਨੇ ਨਹੀਂ ਮੰਨਿਆ, ਅਜਿਹੇ ਅਰਥ ਨਾ ਕਰਨ ਵਾਲੇ ਸਤਿਕਾਰਯੋਗ ਵਿਦਵਾਨਾਂ ਕੋਲੋਂ ਦਾਸ ਦਾ ਇਹ ਮੂਰਖ ਮਨ, ਖਿਮਾ ਦਾ ਜਾਚਕ ਹੈ।

ਹਰੀ ਦੇ ਨਾਮ-ਧਨ ਦੇ ਅੰਮ੍ਰਿਤ ਵਿਚ ਭਿਉਂ ਕੇ ਬਣਾਏ ਹੋਏ ਜ਼ਿੰਦਗੀ ਰੂਪੀ ਇਸ ਅੰਮ੍ਰਿਤ ਵੇਲੇ ਦੇ ਗਿਆਨ ਨੂੰ ਦ੍ਰਿੜ੍ਹ ਕਰਾਉਣ ਲਈ ਗੁਰੂ ਰਾਮਦਾਸ ਜੀ ਨੇ ਇਉਂ ਹੀ ਫ਼ੁਰਮਾਨ ਕੀਤਾ ਹੈ:

***ਹਰਿ ਧੁਨ ਰਤਨੁ ਜਵੇਹਰੁ ਮਾਣਕੁ......***
***.......ਭਗਤਾ ਕਉ ਮਿਲੀ ਵਡਿਆਈ॥***

*(ਅੰਗ-੭੩੪)*

ਹਰੀ ਦਾ ਨਾਮ-ਸਿਮਰਨ ਦੀ ਬਰਕਤਿ ਨਾਲ ਬਣਾਏ ਹੋਏ ਮਨੁੱਖਾ ਜ਼ਿੰਦਗੀ ਰੂਪੀ ਅੰਮ੍ਰਿਤ ਵੇਲੇ ਦਾ ਬੀਜਿਆ ਹੋਇਆ ਨਾਮ ਧਨ ਰਤਨ ਜਵਾਹਰ ਮੋਤੀਆਂ ਵਰਗਾ ਕੀਮਤੀ ਹੈ। ਮਨੁੱਖਾ ਜਨਮ ਦੇ ਵੇਲੇ ਵਿਚ, (ਭਾਵ, ਸਾਰੀ ਜ਼ਿੰਦਗੀ) ਭਗਤ ਜਨ ਇਸ ਨਾਮ ਧਨ ਨੂੰ ਆਪ ਵਰਤਦੇ ਹਨ ਅਤੇ ਹੋਰਨਾਂ ਨੂੰ ਵੀ ਵੰਡੇ ਰਹਿੰਦੇ ਹਨ ਪਰ ਫੇਰ ਵੀ ਇਹ ਨਾਮ ਧਨ ਕਦੇ ਮੁੱਕਦਾ ਨਹੀਂ। ਇਸ ਨਾਮ ਧਨ ਦੇ ਕਾਰਨ ਭਗਤਾਂ ਨੂੰ ਲੋਕ ਪਰਲੋਕ ਵਿਚ ਵੀ ਮਾਣ-ਇੱਜ਼ਤ ਮਿਲਦੀ ਹੈ। (ਅਜਿਹਾ ਧਨ ਜ਼ਿੰਦਗੀ ਵਿਚ ਕੀਤੀ ਕਰੜੀ ਸਾਧਨਾ ਨਾਲ ਜੁੜਦਾ ਹੈ। ਸੁਆਸ ਸੁਆਸ ਪ੍ਰਭੂ ਦੀ ਯਾਦ ਵਿਚ ਰਹਿਣ ਨਾਲ ਅਜਿਹੀ ਅਵਸਥਾ ਬਣਦੀ ਹੈ। ਸਿਰਫ਼ ਤੜਕੇ ਉੱਠ ਕੇ ਬਾਣੀਆਂ ਦਾ ਪਾਠ ਕਰ ਕੇ ਅਥਵਾ ਗੁਰਮੰਤ੍ਰ ਦਾ ਵਿਧੀ ਨਾਲ ਜਾਪ ਕਰ ਕੇ, ਬਾਕੀ ਦਾ ਸਮਾਂ ਆਪਣੇ ਆਪ ਨੂੰ ਦੂਜਿਆਂ ਨਾਲੋਂ ਸ੍ਰੇਸ਼ਟ ਸਮਝੀ ਰੱਖਣ ਵਾਲੀ ਸਵੈ ਵਡਿਆਈ ਸਮਝੀ ਜਾਣ ਨਾਲ ਕੋਈ ਲਾਭ ਨਹੀਂ ਹੋਣਾ।

## ਟਿੱਪਣੀ:

ਪ੍ਰੋ: ਸਾਹਿਬ ਸਿੰਘ ਜੀ ਨੇ ਦੱਸਿਆ ਹੈ ਕਿ:

- ਕਿ ਅੰਮ੍ਰਿਤ ਵੇਲੇ ਉਠ ਕੇ ਸਿਮਰਨ ਕਰਨ ਨਾਲ ਪ੍ਰਮਾਤਮਾ ਹਰ ਥਾਂ ਦਿੱਸਣ ਲੱਗ ਪੈਂਦਾ ਹੈ।
- ਅੰਮ੍ਰਿਤ ਵੇਲੇ ਦਾ ਅਭਿਆਸ ਇਸ ਤਰ੍ਹਾ ਬਣਾਓ ਕਿ ਅੱਠੇ ਪਹਿਰ ਕਿਰਤ ਵਿਰਤ ਕਰਦਿਆਂ ਪ੍ਰਮਾਤਮਾ ਯਾਦ ਰਹੇ।
- ਅੰਮ੍ਰਿਤ ਵੇਲੇ ਉਠਣ ਨਾਲ ਇਹ ਵੀ ਧਿਆਨ ਰੱਖਣਾ ਹੈ ਕਿ ਆਚਰਣ ਉੱਚਾ ਬਣਦਾ ਰਹੇ।
- ਅੰਮ੍ਰਿਤ ਵੇਲੇ ਸਰੀਰਕ ਆਲਸ ਦੂਰ ਕਰਨ ਲਈ ਇਸ਼ਨਾਨ ਕਰਕੇ ਨਾਮ ਅੰਮ੍ਰਿਤ ਦੇ ਸਰੋਵਰ ਵਿਚ ਚੁੱਭੀ ਲਾਏ।

ਫਿਰ ਪ੍ਰੋ: ਸਾਹਿਬ ਸਿੰਘ ਜੀ ਨੇ ਅੰਮ੍ਰਿਤ ਵੇਲੇ ਤੇ ਸੌਣ ਵੇਲੇ ਪ੍ਰਮਾਤਮਾ ਨੂੰ ਯਾਦ ਕਰਨ ਦਾ ਜੋ ਅਚੇਤ ਤੇ ਸੁਚੇਤ ਮਨ 'ਤੇ ਪ੍ਰਭਾਵ ਪੈਂਦਾ ਹੈ, ਉਸ ਬਾਰੇ ਵਿਗਿਆਨਕ ਤਰੀਕੇ ਨਾਲ ਵੀ ਸਮਝਾਉਣ ਦਾ ਯਤਨ ਕੀਤਾ ਹੈ।

ਸਪੱਸ਼ਟ ਹੈ ਕਿ ਪ੍ਰੋ: ਸਾਹਿਬ ਸਿੰਘ ਜੀ ਨੇ ਇਸ ਸਮੇਂ ਨੂੰ ਕਿਸੇ ਕਰਾਮਾਤ ਨਾਲ ਨਹੀਂ ਜੋੜਿਆ ਹੈ। ਨਾ ਹੀ ਭਾਈ ਵੀਰ ਸਿੰਘ ਜਾਂ ਪ੍ਰਿੰ: ਸਤਬੀਰ ਸਿੰਘ ਆਦਿ ਨੇ ਇਸ ਸਮੇਂ ਬਾਰੇ ਕੋਈ ਕਰਾਮਾਤੀ ਗੱਲ ਕੀਤੀ ਹੈ। ਪਰ ਸ. ਕਾਲਾ ਅਫ਼ਗਾਨਾ ਜੀ ਆਪਣੀ ਵਿਦਵਤਾ ਦੱਸਣ ਲਈ ਪਹਿਲਾਂ ਆਪ ਹੀ ਸ਼ੰਕੇ ਪੈਦਾ ਕਰਦੇ ਹਨ, ਫਿਰ ਉਨ੍ਹਾਂ ਸ਼ੰਕਿਆਂ ਦੇ ਜਵਾਬ ਵਿਚ ਦੂਸਰੇ ਸਿੱਖ ਵਿਦਵਾਨਾਂ ਦੀਆਂ ਉਦਾਹਰਣਾਂ ਦੇ ਕੇ ਇਹ ਸਿੱਧ ਕਰਦੇ ਹਨ ਕਿ ਉਨ੍ਹਾਂ ਨੇ ਸ਼ੰਕੇ ਨਿਵਾਰਣ ਨਹੀਂ ਕੀਤੇ। ਫਿਰ ਆਪ ਹੀ ਉਨ੍ਹਾਂ ਸ਼ੰਕਿਆਂ ਦਾ ਜਵਾਬ ਦੇ ਕੇ ਇਹ ਸਿੱਧ ਕਰਦੇ ਹਨ ਕਿ ਹੁਣ ਤਕ ਹੋਏ ਸਾਰੇ ਸਿੱਖ ਵਿਦਵਾਨਾਂ ਨੇ ਗੁਰਬਾਣੀ ਦੇ ਅਨਰਥ ਕੀਤੇ ਹਨ, ਸਿਰਫ਼ ਸਹੀ ਅਰਥ ਮੈਂ ਹੀ ਕੀਤੇ ਹਨ। ਆਪ ਹੀ ਸ. ਕਾਲਾ ਅਫ਼ਗਾਨਾ ਲਿਖਦੇ ਹਨ ਕਿ ਗੁਰਬਾਣੀ ਨੇ ਅੰਮ੍ਰਿਤ ਕੇਵਲ ਪ੍ਰਭੂ ਨੂੰ ਹੀ ਮੰਨਿਆ ਹੈ, ਇਸ ਤਰ੍ਹਾਂ ਤਾਂ ਅੰਮ੍ਰਿਤ ਵੇਲੇ ਦਾ ਮਤਲਬ ਹੋਇਆ ਕਿ ਪ੍ਰਭੂ ਵੇਲਾ। ਭਾਵ ਕਿ ਪ੍ਰਭੂ ਨੂੰ ਯਾਦ ਕਰਨ ਦਾ ਵੇਲਾ। ਇਸ ਵਿਚ ਗ਼ਲਤ ਕੀ ਹੈ? ਅਸਲੀਅਤ ਇਹ ਹੈ ਕਿ ਸ. ਕਾਲਾ ਅਫ਼ਗਾਨਾ ਸਿੱਖ ਕੌਮ ਦੀ ਮਾਨਸਿਕਤਾ ਨਾਲ ਜੁੜੀ ਹਰ ਉੱਚੀ-ਸੁੱਚੀ ਪਰੰਪਰਾ ਚਾਹੇ ਉਹ ਅੰਮ੍ਰਿਤ ਵੇਲਾ ਹੈ, ਚਾਹੇ ਅੰਮ੍ਰਿਤਸਰ ਹੈ, ਚਾਹੇ ਖੰਡੇ-ਬਾਟੇ ਦੀ ਮਰਿਯਾਦਾ ਹੈ; ਪ੍ਰਤੀ ਸਿੱਖੀ ਸਿਦਕ ਤੇ ਸ਼ਰਧਾ ਨੂੰ

ਖ਼ਤਮ ਕਰਨਾ ਚਾਹੁੰਦਾ ਹੈ। ਇਸੇ ਲੇਖ ਲੜੀ ਅੰਦਰ ਅਗਲੇਰੇ ਲੇਖਾਂ ਵਿਚ ਇਨ੍ਹਾਂ ਪ੍ਰੰਪਰਾਵਾਂ ਬਾਰੇ ਸ. ਕਾਲਾ ਅਫ਼ਗਾਨਾ ਦੇ ਕੂੜ ਨੂੰ ਨੰਗਿਆਂ ਕੀਤਾ ਜਾਵੇਗਾ ਤੇ ਇਹ ਵੀ ਦੱਸਿਆ ਜਾਵੇਗਾ ਕਿ ਕਿਵੇਂ ਸ. ਕਾਲਾ ਅਫ਼ਗਾਨਾ ਆਪਣੇ ਉਸਤਾਦ ਕੇ.ਪੀ.ਐੱਸ. ਗਿੱਲ ਦੇ ਵਿਚਾਰਾਂ ਦੀ ਲੜੀ ਨੂੰ ਵਿਸਥਾਰ ਸਹਿਤ ਅੱਗੇ ਤੋਰ ਰਹੇ ਹਨ। ਇਸ ਲੇਖ ਲੜੀ ਅੰਦਰ ਅਸੀਂ ਸ. ਕਾਲਾ ਅਫ਼ਗਾਨਾ ਦੇ ਲੇਖ ਪੂਰੇ ਪੂਰੇ ਦੇਣ ਦੀ ਕੋਸ਼ਿਸ਼ ਕਰਾਂਗਾ ਤਾਂ ਜੋ ਸ. ਕਾਲਾ ਅਫ਼ਗਾਨਾ ਤੇ ਉਨ੍ਹਾਂ ਦੇ ਹਮਾਇਤੀ ਵੀਰ ਇਹ ਨਾ ਕਹਿਣ ਕਿ ਦੋ ਚਾਰ ਸਤਰਾਂ ਕੱਢ ਕੇ ਸੰਦਰਭ ਤੋਂ ਬਾਹਰ ਉਲਟ ਅਰਥ ਵਰਤੇ ਜਾਂਦੇ ਹਨ। ਕਹਿੰਦੇ ਹਨ ਕਿ ਜਦੋਂ ਮਨੁੱਖ ਪੈਦਾ ਹੋਣ ਲੱਗਦਾ ਹੈ ਤਾਂ ਰੱਬ ਉਸਦੇ ਕੰਨ ਵਿਚ ਫੂਕ ਮਾਰਦਾ ਹੈ ਕਿ ਤੂੰ ਸਭ ਤੋਂ ਸਿਆਣਾ ਮਨੁੱਖ ਹੈ। ਸ. ਕਾਲਾ ਅਫ਼ਗਾਨਾ ਜੀ ਦੇ ਕੰਨ ਵਿਚ ਇਹ ਫੂਕ ਜੋਰ ਦੀ ਵੱਜ ਗਈ ਲੱਗਦੀ ਹੈ। ਸਿੱਖ ਵਿਦਵਾਨਾਂ ਪ੍ਰਤੀ ਸ. ਕਾਲਾ ਅਫ਼ਗਾਨਾ ਦੀਆਂ ਟਿਪਣੀਆਂ ਇਸੇ ਸੰਦਰਭ ਵਿਚ ਵਿਚਾਰਨੀਆਂ ਚਾਹੀਦੀਆਂ ਹਨ।

# ਸ੍ਰੀ ਅੰਮ੍ਰਿਤਸਰ ਜੀ ਦੇ ਇਸ਼ਨਾਨ

ਇਸ ਲੇਖ ਦੇ ਪਹਿਲੇ ਭਾਗ ਅੰਦਰ 'ਅੰਮ੍ਰਿਤ ਵੇਲੇ' ਬਾਰੇ ਸ. ਕਾਲਾ ਅਫ਼ਗਾਨਾ ਜੀ ਨੇ ਜਿਵੇਂ ਗੁਰਬਾਣੀ ਦੇ ਅਰਥਾਂ ਦੇ ਅਨਰਥ ਕੀਤੇ ਹਨ, ਉਸ ਬਾਰੇ ਪਾਠਕਾਂ ਨੇ ਸਮਝ ਹੀ ਲਿਆ ਹੋਵੇਗਾ। ਨਾਂਅ ਤਾਂ ਪ੍ਰੋ: ਸਾਹਿਬ ਸਿੰਘ ਜੀ ਦਾ ਵਰਤੋ, ਪਰ ਅਰਥ ਆਪਣੇ ਮੁਤਾਬਿਕ ਕਰੋ। ਗੁਰਬਾਣੀ ਦੇ ਅਰਥਾਂ ਦੇ ਅਨਰਥ ਕਰਨ ਦੀ ਇਹ ਰੀਤ ਸਵਾਮੀ ਦਇਆਨੰਦ ਤੋਂ ਸ਼ੁਰੂ ਹੋ ਕੇ ਰਾਧਾ ਸੁਆਮੀ, ਨਾਮਧਾਰੀ, ਨਿਰੰਕਾਰੀ, ਆਰ.ਐਸ.ਐਸ., ਨੂਰਮਹਿਲੀਏ ਆਦਿ ਤਕ ਇਕ ਹੀ ਕੜੀ ਬਣਦੀ ਹੈ। ਸ. ਕਾਲਾ ਅਫ਼ਗਾਨਾ ਜੀ ਨੇ ਸਿਰਫ਼ ਇੰਨਾ ਹੀ ਫ਼ਰਕ ਕੀਤਾ ਹੈ ਕਿ ਸਿੱਧਾ ਹਮਲਾ ਕਰਨ ਨਾਲੋਂ ਬੜੀ ਸੂਝ ਵਰਤ ਕੇ ਅਸਿੱਧਾ ਹਮਲਾ ਕੀਤਾ ਹੈ। ਆਉ, ਵੇਖੀਏ ਕਿ ਸ੍ਰੀ ਅੰਮ੍ਰਿਤਸਰ ਜੀ ਦੇ ਇਸ਼ਨਾਨ ਬਾਰੇ ਪ੍ਰੋ: ਸਾਹਿਬ ਸਿਮਘ ਜੀ ਦੀਆਂ ਡੂੰਘੀਆਂ ਰਮਜ਼ਾਂ ਦੇ ਮੁਕਾਬਲੇ ਕਾਲਾ ਅਫ਼ਗਾਨਾ ਨੇ ਕੀ ਛੱਪੜ ਟੁੱਬੀਆਂ ਮਾਰੀਆਂ ਹਨ। ਪ੍ਰੋ: ਸਾਹਿਬ ਸਿੰਘ ਜੀ ਨੇ ਸ੍ਰੀ ਅੰਮ੍ਰਿਤਸਰ ਅਤੇ ਹੋਰ ਸਰੋਵਰਾਂ ਦੀ ਸਿੱਖ ਮਾਨਸਿਕਤਾ ਵਿਚ ਕੀ ਥਾਂ ਹੈ ਅਤੇ ਵਿਗਿਆਨਕ ਤੌਰ ਤੇ ਇਸਦਾ ਕੀ ਆਧਾਰ ਹੈ, ਬਾਰੇ ਆਪਣੀ ਕਿਤਾਬ 'ਗੁਰ ਇਤਿਹਾਸ ਪਾਤਸ਼ਾਹੀ ੨ ਤੋਂ ੯ਵੀਂ ਵਿਚ ਪੰਨਾ ੧੧੫-੧੧੬ ਤੇ ਹੇਠ ਲਿਖੇ ਅਨੁਸਾਰ ਜ਼ਿਕਰ ਕੀਤਾ ਹੈ:

## *ਸਰੋਵਰਾਂ ਦੀ ਪਵਿੱਤਰਤਾ*

*ਅਸੀਂ ਵੇਖ ਆਏ ਹਾਂ ਕਿ ਜਦੋਂ ਗੋਇੰਦਵਾਲ ਦੀ ਬਾਉਲੀ ਬਣ ਰਹੀ ਸੀ, ਤਾਂ ਉਥੇ ਅਮੀਰ ਗ਼ਰੀਬ, ਛੋਟੇ ਵੱਡੇ ਸਭ ਸਿੱਖ ਮਿਹਨਤ-ਮਜਦੂਰੀ ਦਾ ਹਰੇਕ ਕਿਸਮ ਦਾ ਕੰਮ ਕਰਦੇ ਸਨ ਅਤੇ ਕਰਨ ਵਿਚ ਆਪਣੇ ਚੰਗੇ ਭਾਗ ਸਮਝਦੇ ਸਨ। ਇਹ ਉਤਸ਼ਾਹ ਠਾਠਾਂ ਮਾਰਦਾ ਭੀ ਕਿਉਂ ਨਾ? ਗੁਰੂ ਅਮਰਦਾਸ ਜੀ ਦੇ ਆਪਣੀ ਜਵਾਈ (ਗੁਰੂ) ਰਾਮਦਾਸ ਜੀ, ਜੋ ਉਸ ਵੇਲੇ ੨੫ ਸਾਲਾਂ ਦੇ ਗੱਭਰੂ ਸਨ, ਸਾਰਾ ਸਾਰਾ ਦਿਨ ਆਪ ਸਿਰ ਉਤੇ ਮਿੱਟੀ ਦੀਆਂ ਟੋਕਰੀਆਂ ਢੋਂਦੇ ਰਹਿੰਦੇ ਸਨ। ਜਦੋਂ ਗੁਰੂ ਚੱਕ ਵਿਚ ਸਰੋਵਰ ਬਣਨਾ ਸ਼ੁਰੂ ਹੋਇਆ, ਓਦੋਂ ਗੁਰੂ ਰਾਮਦਾਸ ਜੀ ਨੂੰ ਭਾਵੇਂ ਹੋਰ ਬੇਅੰਤ ਰੁਝੇਵੇਂ ਸਨ-ਆਏ ਸਿੱਖਾਂ ਨੂੰ ਦੋਵੇਂ ਵੇਲੇ ਗੁਰਮਤਿ ਦਾ ਉਪਦੇਸ਼, ਸਭਨਾਂ ਦੀ ਰਿਹਾਇਸ਼ ਤੇ ਰੋਟੀ ਦਾ ਪਰਬੰਧ ਦੀ ਦੇਖ-ਭਾਲ, ਚੂਨੇ, ਇੱਟਾਂ ਆਦਿਕ ਮਸਾਲੇ ਦੀ ਤਿਆਰੀ ਵਾਸਤੇ ਰੋਜ਼ ਰੋਜ਼ ਸਿਆਣਿਆਂ ਦੇ ਇਕੱਠ ਕਰਾਣੇ, ਨਗਰ ਦੀਆਂ ਇਮਾਰਤਾਂ ਭੀ ਬਣ ਰਹੀਆਂ ਸਨ ਅਤੇ ਇਤਨਾ ਵੱਡਾ ਸਰੋਵਰ ਭੀ ਤਿਆਰ ਹੋ ਰਿਹਾ ਸੀ, ਜਿਥੇ ਲੱਖਾਂ ਇੱਟਾਂ ਅਤੇ ਮਣਾਂ-ਮੂੰਹੀ ਚੂਨਾ ਚਾਹੀਦਾ ਸੀ, ਹਜ਼ਾਰਾਂ ਦੀ ਗਿਣਤੀ ਵਿਚ ਨਿੱਤ ਆਏ ਸਿੱਖਾਂ ਦੇ ਲੰਗਰ ਲਈ ਰਸਦ ਦਾ ਬਾਹਰੋਂ ਮੰਗਾਇਆ ਜਾਣਾ-ਅਜਿਹੇ ਅਨੇਕਾਂ ਰੁਝੇਵੇਂ ਹੁੰਦਿਆਂ ਭੀ ਗੁਰੂ ਰਾਮਦਾਸ ਜੀ ਵੇਹਲਾ ਸਮਾਂ ਮਿਲਣ 'ਤੇ ਆਪ ਭੀ ਟੋਕਰੀ ਫੜ ਲੈਂਦੇ ਸਨ ਅਤੇ ਮਿੱਟੀ ਗਾਰੇ ਚੂਨੇ ਆਦਿਕ ਦੀ ਹਰ ਕਿਸਮ ਦੀ ਸੇਵਾ ਕਰਦੇ ਸਨ। (ਗੁਰੂ) ਅਰਜਨ ਸਾਹਿਬ ਦੀ ਉਮਰ ਉਸ ਵਕਤ ੧੫ ਸਾਲਾਂ ਤੋਂ ਟੱਪ ਚੁੱਕੀ ਸੀ। ਪਿਤਾ ਗੁਰੂ ਦੇ ਪਾਏ ਪੂਰਨਿਆਂ ਉੱਤੇ ਉਹ ਭੀ ਤੁਰਦੇ ਸਨ, ਪਰਬੰਧ ਵਿਚ ਭੀ ਹੱਥ ਵਟਾਂਦੇ ਸਨ ਅਤੇ ਟੋਕਰੀ ਢੋਣ ਵਾਲੀ ਮਿਹਨਤ-ਮਜ਼ੂਰੀ ਭੀ ਕਰਦੇ ਸਨ। ਇਹ ਇਕ ਅਲੌਕਿਕ ਖੇਡ ਸੀ। ਲੋਕ ਹੁਣ ਤਕ ਦੇ ਮਹੰਤਾਂ ਤੇ ਪੰਡਿਤਾਂ ਨੂੰ ਗੱਦੀਆਂ ਉਤੇ ਬੈਠੇ ਹੀ ਵੇਖਦੇ ਆ ਰਹੇ ਹਨ। ਗ਼ਰੀਬਾਂ ਦੇ ਦਿਲ ਦਾ ਪਾਤਿਸ਼ਾਹ ਆਪ ਭੀ ਗ਼ਰੀਬਾਂ ਵਾਲੀ ਟੋਕਰੀ ਸਿਰ ਉਤੇ ਚੁੱਕੇ-ਕਿਹੜਾ ਸਿੱਖ ਸੀ ਜੋ ਇਹ ਵੇਖ ਕੇ ਉਸ ਧਰਤੀ ਦੇ ਕਿਣਕੇ ਕਿਣਕੇ ਤੋਂ ਸਦਕੇ ਨਹੀਂ ਜਾਂਦਾ ਸੀ। ਇਹ ਸਰੋਵਰ ਗੁਰੂ-ਚਰਨਾਂ ਦੇ ਭੌਰਿਆਂ ਵਾਸਤੇ ਇਸ਼ਕ-ਪਿਆਰ ਅਤੇ ਅੰਮ੍ਰਿਤ ਦਾ ਸੋਮਾ ਬਣਦਾ ਗਿਆ, ਧਰਤੀ ਉਤੇ ਬੈਕੁੰਠ ਅਤੇ ਸੱਚਖੰਡ ਬਣਦਾ ਗਿਆ।*

## *ਸਿਫ਼ਤਿ-ਸਾਲਾਹ ਦੀਆਂ ਲਹਿਰਾਂ*

*ਸ੍ਰਿਸਟੀ-ਰਚਨਾ ਦੇ ਮੂਲ ਪੰਜ ਤੱਤਾਂ ਵਿਚੋਂ ਇਕ ਤੱਤ ਅਕਾਸ਼ (ਈਥਰ) ਹੈ। ਇਹ ਤੱਤ ਸਰਬ-ਵਿਆਪਕ ਹੈ, ਸ੍ਰਿਸ਼ਟੀ ਦੇ ਜ਼ੱਰੇ ਜ਼ੱਰੇ ਵਿਚ ਮੌਜੂਦ ਹੈ। ਗਿਆਨ-ਇੰਦ੍ਰੀਆਂ ਦੀ ਵੇਖਣ ਸੁਣਨ ਆਦਿਕ ਕ੍ਰਿਆ ਇਸੇ ਤੱਤ ਦੀ ਰਾਹੀਂ ਹੋ ਸਕਦੀ ਹੈ। ਈਥਰ (ਅਕਾਸ਼) ਮਾਨੋ, ਇਕ ਬੇਅੰਤ ਸਮੁੰਦਰ ਹੈ, ਜਿਸ ਵਿਚ ਸਾਰੀ ਸ੍ਰਿਸ਼ਟੀ ਸਮਾਈ ਹੋਈ ਹੈ, ਅਤੇ ਈਥਰ ਸਾਰੀ ਸ੍ਰਿਸ਼ਟੀ ਦੇ ਕਿਣਕੇ ਕਿਣਕੇ ਵਿਚ ਸਮਾਇਆ ਹੋਇਆ ਹੈ। ਪਾਣੀ ਦੇ ਸਰ ਵਿਚ ਢੇਮ ਮਾਰਿਆਂ ਪਾਣੀ ਵਿਚ ਲਹਿਰਾਂ ਉੱਠਦੀਆਂ ਹਨ ਅਤੇ ਚੁਫੇਰੇ ਖਿੱਲਰਦੀਆਂ ਜਾਂਦੀਆਂ ਹਨ, ਤਿਵੇਂ ਹੀ ਜਦੋਂ ਅਸੀਂ ਬੋਲਦੇ ਹਾਂ, ਅਸੀਂ ਈਥਰ (ਅਕਾਸ਼) ਵਿਚ ਲਹਿਰਾਂ ਚਲਾ ਦੇਂਦੇ ਹਾਂ। ਉਹ ਲਹਿਰਾਂ ਚੁਫੇਰੇ ਖਿੱਲਰਦੀਆਂ ਜਾਂਦੀਆਂ ਹਨ ਅਤੇ ਉਹਨਾਂ ਲਹਿਰਾਂ ਦੀ ਰਾਹੀਂ ਆਵਾਜ਼ ਚੁਫੇਰੇ ਅੱਪੜਦੀ ਹੈ। ਇਹ ਅਕਾਸ਼ ਮਿੱਟੀ ਦੇ ਜ਼ੱਰੇ ਜ਼ੱਰੇ ਵਿਚ ਭੀ ਵਿਆਪਕ ਹੈ, ਜਲ ਦੇ ਜ਼ੱਰੇ ਜ਼ੱਰੇ ਵਿਚ ਭੀ ਵਿਆਪਕ ਹੈ। ਬੋਲਣ ਦੀ ਰਾਹੀਂ ਚਲਾਈਆਂ ਹੋਈਆਂ ਲਹਿਰਾਂ ਚੁਫੇਰੇ ਨਿੱਗਰ-ਚੀਜ਼ਾਂ ਵਿਚ ਭੀ ਜਾ ਹੁਲਾਰਾ ਦੇਂਦੀਆਂ ਹਨ ਅਤੇ ਜਲ ਵਿਚ ਭੀ।*

*ਸ੍ਰੀ ਹਰਿਮੰਦਰ ਸਾਹਿਬ ਵਿਚ ਅੱਠੇ ਪਹਿਰ ਕੀਰਤਨ ਹੁੰਦਾ ਹੈ, ਪਰਮਾਤਮਾ ਦੀ ਸਿਫ਼ਤਿ-ਸਾਲਾਹ ਹੁੰਦੀ ਹੈ। ਈਥਰ (ਅਕਾਸ਼) ਦੀ ਰਾਹੀਂ ਸਿਫ਼ਤਿ-ਸਾਲਾਹ ਦੀਆਂ ਇਹ ਲਹਿਰਾਂ ਚੁਫੇਰੇ ਕੰਧਾਂ ਕੋਠੀਆਂ ਅਤੇ ਜਲ ਦੇ ਜ਼ੱਰੇ ਜ਼ੱਰੇ ਵਿਚ ਕੰਬਣੀ ਛੇੜਦੀਆਂ ਰਹਿੰਦੀਆਂ ਹਨ। ਇਸ ਤਰ੍ਹਾਂ ਕੁਦਰਤ ਦੇ ਇਕ ਲੁਕਵੇਂ ਨਿਯਮ ਦੀ ਬਰਕਤ ਨਾਲ ਸ੍ਰੀ ਹਰਿਮੰਦਰ ਸਾਹਿਬ ਅਤੇ ਉਸ ਦਾ ਚੁਗਿਰਦਾ ਹਰ ਵੇਲੇ ਸਿਫ਼ਤ-ਸਾਲਾਹ ਦੀਆਂ ਲਹਿਰਾਂ ਦੇ ਛੱਟਿਆਂ ਨਾਲ, ਮਾਨੋ, ਧੁਪਦਾ ਰਹਿੰਦਾ ਹੈ।* ***ਇਹ ਲਹਿਰਾਂ ਸਰੋਵਰ ਦੇ ਜਲ ਦੇ ਕਿਣਕੇ ਕਿਣਕੇ ਨੂੰ ਬਾਣੀ ਦੀ ਵਰਖਾ ਨਾਲ ਅੰਮ੍ਰਿਤ ਬਣਾਈ ਜਾਂਦੀਆਂ ਹਨ।*** *ਕੁਦਰਤ ਦਾ ਇਹ ਭੇਤ ਸਾਇੰਸ ਦੇ ਖੋਜੀਆਂ ਨੇ ਲੱਭ ਵਿਖਾਇਆ ਹੈ।*

*ਈਥਰ (ਅਕਾਸ਼) ਸਰਬ ਵਿਆਪਕ ਹੋਣ ਕਰਕੇ ਮਨੁੱਖ ਦੇ ਹਿਰਦੇ ਵਿਚ ਭੀ ਜਾ ਠੋਕਰਾਂ ਲਾਂਦਾ ਹੈ। ਜਦੋਂ ਕੋਈ ਮਨੁੱਖ ਸ੍ਰੀ ਹਰਿਮੰਦਰ ਸਾਹਿਬ ਦੇ ਚੁਗਿਰਦੇ ਵਿਚ ਅੱਪੜਦਾ ਹੈ, ਤਾਂ ਸਿਫ਼ਤਿ-ਸਾਲਾਹ ਨਾਲ ਭਰੀਆਂ ਅਕਾਸ਼ੀ ਲਹਿਰਾਂ ਉਸ ਦੇ ਹਿਰਦੇ ਵਿਚ ਹਲੂਣਾ ਦੇਣ ਲੱਗ ਪੈਂਦੀਆਂ ਹਨ। ਜਿਉਂ ਜਿਉਂ ਉਹ ਕੇਂਦਰ ਦੇ ਨੇੜੇ ਅੱਪੜਦਾ ਹੈ, ਵਧੀਕ ਪ੍ਰਬਲ ਲਹਿਰਾਂ ਵਧੀਕ ਡੂੰਘਾ ਅਸਰ ਪਾਣ ਲੱਗ ਪੈਂਦੀਆਂ ਹਨ। ਕੇਂਦਰੀ ਅਸਥਾਨ ਸ੍ਰੀ ਹਰਿਮੰਦਰ ਸਾਹਿਬ ਵਿਚ ਜਾ ਕੇ ਤਾਂ ਉਸ ਦਾ ਰੋਮ ਰੋਮ ਉਹਨਾਂ ਸੁੱਧ ਪਵਿੱਤਰ ਲਹਿਰਾਂ ਦੇ ਅਸਰ ਵਿਚ ਝੂਮਣ ਲੱਗ ਪੈਂਦਾ ਹੈ।*

*ਸੋ, ਗੁਰੂ ਰਾਮਦਾਸ ਜੀ ਅਤੇ ਗੁਰੂ ਅਰਜਨ ਸਾਹਿਬ ਦੀ ਮਿਹਰ ਨਾਲ ਅੱਠੇ ਪਹਿਰ ਹੁੰਦੀ ਸਿਫ਼ਤਿ-ਸਾਲਾਹ ਨੇ ਇਸ ਅਸਥਾਨ ਨੂੰ, ਜੋ ਅੱਗੇ ਹੀ ਉਹਨਾਂ ਦੇ ਚਰਨਾਂ ਦੀ ਛੋਹ ਨਾਲ ਅਕਸੀਰ ਬਣਿਆ ਹੋਇਆ ਹੈ, ਧਰਤੀ ਉੱਤੇ ਸੱਚਖੰਡ ਬਣਾ ਦਿੱਤਾ ਹੈ। ਜਿੱਥੇ ਦਾਤਾਰ ਦੀ ਸਿਫ਼ਤਿ-ਸਾਲਾਹ ਹੋ ਰਹੀ ਹੈ, ਉਥੇ ਉਹ ਆਪ ਵੱਸ ਰਿਹਾ ਹੈ। ਜ਼ੱਰੇ ਜ਼ੱਰੇ ਵਿਚ ਜਲਵਾ ਵਿਖਾ ਰਿਹਾ ਹੈ।*

***ਸਿੱਖ-ਇਤਿਹਾਸ ਦੇ ਪਾਠਕਾਂ ਨੇ ਇਹਨਾਂ ਡੂੰਘੀਆਂ ਰਮਜ਼ਾਂ ਨੂੰ ਅੱਖਾਂ ਤੋਂ ਉਹਲੇ ਨਹੀਂ ਹੋਣ ਦੇਣਾ।***

ਇਸੇ ਹੀ ਕਿਤਾਬ ਦੇ ਪੰਨਾ ੧੪੯ 'ਤੇ 'ਅੰਮ੍ਰਿਤ-ਸਰੋਵਰ, ਹਰਿਮੰਦਰ ਸਾਹਿਬ ਤੇ ਅੰਮ੍ਰਿਤਸਰ' ਸਿਰਲੇਖ ਹੇਠ ਲਿਖਦੇ ਹਨ:

## *ਅੰਮ੍ਰਿਤ-ਸਰੋਵਰ, ਹਰਿਮੰਦਰ ਸਾਹਿਬ ਤੇ ਅੰਮ੍ਰਿਤਸਰ*

*ਸ਼ਹਿਰ ਦੀ ਵੱਸੋਂ ਵਧਣ ਦੇ ਨਾਲ ਨਾਲ ਸਰੋਵਰਾਂ ਦੀ ਗਿਣਤੀ ਵਧਣ ਦੀ ਸੰਭਾਵਨਾ ਭੀ ਬਣਦੀ ਜਾ ਰਹੀ ਸੀ। ਇਹਨਾਂ ਦੇ ਵੱਖ ਵੱਖ ਨਾਮ ਭੀ ਰੱਖੇ ਜਾਂਦੇ ਗਏ। ਜਿਹੜਾ ਸਰੋਵਰ ਗੁਰੂ ਰਾਮਦਾਸ ਜੀ ਨੇ ਅਰੰਭ ਕੀਤਾ ਸੀ, ਉਹ ਹੁਣ ਸੰਨ ੧੫੮੮ ਵਿਚ ਮੁਕੰਮਲ ਹੋਇਆ। ਇਸ ਦਾ ਨਾਮ ਸਤਿਗੁਰੂ ਅਰਜਨ ਸਾਹਿਬ ਨੇ 'ਅੰਮ੍ਰਿਤ-ਸਰ' ਰੱਖਿਆ। ਪਰ ਅਜੇ ਤਾਂ ਸਿਰਫ਼ ਸਰੋਵਰ ਹੀ ਤਿਆਰ ਹੋਇਆ। ਗੁਰੂ ਰਾਮਦਾਸ ਸਾਹਿਬ ਦੀ ਵਿਓਂਤ ਅਨੁਸਾਰ ਇਸ ਵਿਚ ਗੁਰਦੁਆਰਾ ਭੀ ਬਣਨਾ ਸੀ। ਗੁਰੂ ਅਰਜਨ ਸਾਹਿਬ ਨੇ ਉਸ ਧਰਮ ਅਸਥਾਨ ਦੀ ਨੀਂਹ ਕੱਤਕ ਸੁਦੀ ੫ ਸੰਮਤ ੧੬੪੫ ਨੂੰ ਰੱਖੀ। ਤਦੋਂ ਈਸਵੀ ਸੰਨ ੧੫੮੮ ਸੀ ਤੇ ਅਕਤੂਬਰ ਦਾ ਮਹੀਨਾ ਸੀ। ਉਸ ਦਾ ਨਾਮ 'ਹਰਿ ਮੰਦਰ' ਰੱਖਿਆ ਗਿਆ। ਸਿੱਖ-ਇਤਿਹਾਸ ਲਿਖਦਾ ਹੈ ਕਿ ਹਰਿਮੰਦਰ ਸਾਹਿਬ ਦੀ ਨੀਂਹ ਸਤਿਗੁਰੂ ਜੀ ਨੇ ਲਾਹੌਰ ਦੇ ਵਲੀ ਮੀਆਂ ਮੀਰ ਸਾਹਿਬ ਦੇ ਹੱਥੋਂ ਰਖਾਈ ਸੀ। ਮੀਆਂ ਮੀਰ ਜੀ ਬੰਦਗੀ ਵਾਲੇ ਮਹਾਂਪੁਰਸ਼ ਸਨ। ਮਜ਼ਬੀ ਤੰਗ-ਦਿਲੀ ਤੇ ਪੱਖ-ਪਾਤ ਦਾ ਉਹਨਾਂ ਉਤੇ ਕੋਈ ਅਸਰ ਨਹੀਂ ਸੀ।*

*ਵਲੀ ਮੀਆਂ ਮੀਰ ਦਾ ਅਸਲੀ ਨਾਮ ਸ਼ੇਖ਼ ਮੁਹੰਮਦ ਮੀਰ ਸ਼ਾਹ ਸੀ। ਇਹ ਖ਼ਲੀਫ਼ਾ ਉਮਰ ਦੀ ਬੰਸ ਵਿਚੋਂ ਸਨ। ਇਹਨਾਂ ਦਾ ਜਨਮ ਸੀਸਤਾਨ ਵਿਚ ਸੰਨ ੧੫੫੦ ਵਿਚ ਹੋਇਆ ਸੀ। ਉਮਰ ਦਾ ਬਹੁਤਾ ਹਿੱਸਾ ਇਹਨਾਂ ਲਾਹੌਰ ਵਿਚ ਆ ਕੇ ਗੁਜਾਰਿਆ। ੧੧ ਅਗਸਤ ਸੰਨ ੧੬੩੫ ਨੂੰ ਮੀਆਂ ਮੀਰ ਜੀ ਦਾ ਦੇਹਾਂਤ ਹੋਇਆ ਸੀ। ਇਹਨਾਂ ਦੀ ਕਬਰ ਲਾਹੌਰ ਦੇ ਪਾਸ ਹਾਸ਼ਮਪੁਰੇ ਵਿਚ ਹੈ। ਪ੍ਰਾਣਾਯਾਮ ਦੇ ਅੱਭਿਆਸੀ ਸਨ। ਮੀਆਂ ਮੀਰ ਜੀ ਦਾ ਪਰਸਿੱਧ ਚੇਲਾ ਮੁੱਲਾ ਸ਼ਾਹ (ਸ਼ਾਹ ਮੁਹੰਮਦ) ਸ਼ਾਹ ਜਹਾਨ ਦੇ ਪੁੱਤਰ ਦਾਰਾ ਸ਼ਿਕੋਹ ਦਾ ਪੀਰ ਸੀ।*

*ਅੰਮ੍ਰਿਤ-ਸਰੋਵਰ ਦੇ ਵਿਚਕਾਰ ਬਣਨ ਵਾਲੇ ਇਸ ਹਰਿਮੰਦਰ ਸਾਹਿਬ ਨੇ ਸਿੱਖ ਕੌਮ ਦਾ ਧਰਮ-ਕੇਂਦਰ ਬਣਨਾ ਸੀ, ਜਿਥੇ ਕੀਰਤਨ ਅਤੇ ਧਰਮ-ਪਰਚਾਰ ਦਾ ਪਰਵਾਹ ਚੱਲਣਾ ਸੀ। ਅੰਮ੍ਰਿਤ-ਸਰੋਵਰ ਦੀ ਮਹਾਨਤਾ ਭੀ ਬਣਨੀ ਹੀ ਸੀ। ਗੁਰੂ ਅਰਜਨ ਸਾਹਿਬ ਨੇ ਸ਼ਹਿਰ ਦਾ ਨਾਮ ਭੀ ਇਸ ਸਰੋਵਰ ਦੇ ਨਾਮ 'ਤੇ ਅੰਮ੍ਰਿਤਸਰ ਰੱਖ ਦਿਤਾ। ੧੫੭੦ ਵਿਚ ਅਰੰਭਿਆ ਗੁਰੂ-ਚੱਕ ੧੫੮੮ ਵਿਚ ਅੰਮ੍ਰਿਤਸਰ ਬਣ ਗਿਆ।*

ਹੁਣ ਸ. ਕਾਲਾ ਅਫ਼ਗਾਨਾ ਜੀ ਇਸੇ ਅੰਮ੍ਰਿਤ ਸਰੋਵਰ ਅਤੇ ਹੋਰ ਸਰੋਵਰਾਂ ਨਾਲ ਜੁੜੀ ਸਿੱਖ ਮਾਨਸਿਕਤਾ ਦੀ ਪਵਿੱਤਰ ਸੋਚ ਨੂੰ ਕਿਵੇਂ ਗੰਧਲਾ ਕਰਨਾ ਲੋਚਦੇ ਹਨ, ਇਸ ਸੰਬੰਧੀ ਉਨ੍ਹਾਂ ਦੇ ਵਿਚਾਰ ਬਿਪਰਨ ਕੀ ਰੀਤ ਦੇ ਭਾਗ ਤੀਜਾ ਦੇ ਪੰਨਾ ੨੦੩-੨੦੫ ਤੇ ਹੇਠ ਲਿਖੇ ਅਨੁਸਾਰ ਹਨ:

## *ਸ੍ਰੀ ਅੰਮ੍ਰਿਤਸਰ ਜੀ ਕੇ ਇਸ਼ਨਾਨ*

*ਪੰਥਕ ਰਹਿਤ ਮਰਯਾਦਾ ਦੇ ਖਰੜੇ ਵਿਚ ਪੰਥ ਨੇ ਅਕਾਲ ਪੁਰਖ ਕੋਲੋਂ ਸਿੱਖਾਂ ਵਾਸਤੇ ਸਿੱਖੀ ਦਾਨ, ਕੇਸ ਦਾਨ, ਰਹਿਤ ਦਾਨ, ਬਿਬੇਕ ਦਾਨ, ਵਿਸਾਹ ਦਾਨ, ਭਰੋਸਾ ਦਾਨ, ਦਾਨਾਂ ਸਿਰ ਦਾਨ ਨਾਮ ਦਾਨ ਦੀ ਮੰਗ ਦੇ ਨਾਲ ਹੀ ਸ੍ਰੀ ਅੰਮ੍ਰਿਤਸਰ ਜੀ ਕੇ ਇਸ਼ਨਾਨ ਦੀ ਮੰਗ ਵੀ ਕੀਤੀ ਹੋਈ ਹੈ। ਭਾਵੇਂ ਪੰਥਕ ਸਿੱਖ ਰਹਿਤ ਮਰਯਾਦਾ ਦੇ ਖਰੜੇ ਵਿਚ ਸਰੋਵਰ ਦੇ ਜਲ ਨੂੰ ਅੰਮ੍ਰਿਤ ਨਹੀਂ ਲਿਖਿਆ ਅਤੇ ਨਾ ਹੀ ਉਸ ਜਲ ਵਿਚ ਕਿਸੇ ਉਚੇਚੀ ਸ਼ਕਤੀ ਦਾ ਹੀ ਜ਼ਿਕਰ ਕੀਤਾ ਹੈ। ਪਰ ਅਕਾਲ ਪੁਰਖ ਕੋਲੋਂ ਅੰਮ੍ਰਿਤਸਰ ਜੀ ਕੇ ਇਸ਼ਨਾਨ ਦੀ ਕੀਤੀ ਮੰਗ ਵਿਚ ਅਜਿਹਾ ਵੀ ਕੋਈ ਸੰਕੇਤ ਨਹੀਂ ਹੈ, ਜਿਸ ਤੋਂ ਇਹ ਸਪੱਸ਼ਟ ਹੋ ਸਕਦਾ ਹੋਵੇ ਕਿ ਇਹ ਇਸ਼ਨਾਨ ਕਿਹੜੇ ਅੰਮ੍ਰਿਤ ਦੇ ਸਰੋਵਰ ਵਿਚ ਕਰਨਾ ਹੈ? ਏਹੀ ਸਮਝਿਆ ਜਾਂਦਾ ਹੈ ਕਿ ਹਰਿਮੰਦਰ ਸਾਹਿਬ ਜੀ ਦਾ ਸਰੋਵਰ ਆਮ ਵਰਤੋਂ ਵਾਲੇ ਜਲ ਨਾਲ ਨਹੀਂ, ਸਗੋਂ ਅੰਮ੍ਰਿਤ ਨਾਲ ਭਰਿਆ ਹੋਇਆ ਹੈ। ਮੰਜੀ ਸਾਹਿਬ ਦੇ ਦੀਵਾਨਾਂ ਵਿਚ ਵੀ ਇਸ ਨੂੰ ਅੰਮ੍ਰਿਤ ਸਰੋਵਰ ਦੱਸ ਕੇ ਇਸ ਵਿਚ ਕੀਤੇ ਇਸ਼ਨਾਨ ਤੋਂ ਰੋਗਾਂ ਦੇ ਨਾਸ ਹੋ ਜਾਣ ਦੀ ਅਥਵਾ ਹੋਰ ਆਸਾਂ ਉਮੀਦਾਂ ਦੇ ਪੂਰੀਆਂ ਹੋ ਜਾਣ ਦੀ ਮਹਿਮਾ ਗਾਈ ਜਾਂਦੀ, ਕਈ ਵਾਰ ਸੁਣੀ ਹੈ। ਸਪੱਸ਼ਟ ਸੰਕੇਤ ਨਾ ਹੋਣ ਕਰਕੇ ਮਨਮਤਿ ਵਰਤ ਸਕਣ ਦੀ ਖੁੱਲ੍ਹ ਹੋ ਗਈ। ਆਪਣੀ ਮਤ ਸੁਚੱਜੇ ਢੰਗ ਨਾਲ ਵਰਤ ਸਕਣ ਵਾਲਿਆਂ ਨੇ ਅਰਦਾਸ ਵਿਚ ਕੀਤੀ ਇਸ ਮੰਗ ਦੀ ਬੜੀ ਮਹੱਤਤਾ ਆਪਣੇ ਦ੍ਰਿਸ਼ਟੀਕੋਣ ਤੋਂ ਮੰਨੀ ਹੈ। ਇਸੇ ਖੁੱਲ੍ਹ ਤੋਂ ਹੀ ਉਤਸ਼ਾਹਿਤ ਹੋ ਕੇ ਜਸਵੰਤ ਸਿੰਘ (ਜੀ) ਨੇਕੀ ਜਿਹੇ ਵਿਦਵਾਨ ਲਿਖਾਰੀ ਨੇ ਹਰਿਮੰਦਰ ਸਾਹਿਬ ਦੇ ਸਰੋਵਰ ਨੂੰ ਅੰਮ੍ਰਿਤ ਦਾ ਸਰੋਵਰ ਲਿਖ ਕੇ ਇਸ ਵਿਚ ਕੀਤੇ ਇਸ਼ਨਾਨ ਤੋਂ ਮਿਲਦੇ ਫਲਾਂ ਦਾ ਜ਼ਿਕਰ ਕਰਨ ਦੇ ਨਾਲ ਸ਼ਹਿਰ ਵਿਚਲੇ ਬਾਕੀ ਸਰੋਵਰਾਂ ਵਿਚ ਕੀਤੇ ਇਸ਼ਨਾਨ ਨੂੰ ਵੀ ਨਾਲ ਹੀ ਉਚੇਚੇ ਫਲ ਦੇਣ ਵਾਲਾ ਇਨ੍ਹਾਂ ਸ਼ਬਦਾਂ ਵਿਚ ਲਿਖ ਦਿੱਤਾ:*

*(੧) ਸ੍ਰੀ ਅੰਮ੍ਰਿਤਸਰ-ਸਰੋਵਰ ਦਾ ਇਸ਼ਨਾਨ ਜੀਵਨ ਨੂੰ ਅੰਮ੍ਰਿਤ-ਮਈ ਬਣਾਉਂਦਾ ਹੈ ਤੇ ਮਰਨ ਦਾ ਭੈ ਦੂਰ ਹੋ ਜਾਂਦਾ ਹੈ।*

*(੨) ਰਾਮ ਸਰ ਦਾ ਇਸ਼ਨਾਨ ਬਾਣੀ ਦਾ ਇਸ਼ਨਾਨ ਮੰਨਿਆ ਜਾਂਦਾ ਹੈ, ਕਿਉਂਕਿ ਇਸ ਸਰੋਵਰ ਦੇ ਕੰਢੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਵੀ ਹੋਈ ਸੀ ਤੇ ਸੁਖਮਨੀ ਸਾਹਿਬ ਦਾ ਉਚਾਰਨ ਵੀ।*

*(੩) ਬਿਬੇਕ ਸਰ ਦੇ ਇਸ਼ਨਾਨ ਤੋਂ ਬਿਬੇਕ ਪ੍ਰਾਪਤ ਹੁੰਦਾ ਹੈ। ਇਸ ਸਰੋਵਰ ਦੇ ਕੰਢੇ ਬਿਬੇਕੀ ਮਹਾਂਪੁਰਖ ਟਿਕਦੇ ਹੁੰਦੇ ਸਨ।*

(੪) ਸੰਤੋਖ ਸਰ ਦੇ ਇਸ਼ਨਾਨ ਨਾਲ ਆਤਮ ਤ੍ਰਿਪਤੀ ਹੁੰਦੀ ਹੈ, ਕਿਰਤ ਕਰਦੇ ਹੋਏ ਵੰਡ ਛਕਣ ਦਾ ਉਮਾਹ ਜਾਗਦਾ ਹੈ। ਉਹ ਸੰਤੋਖ ਪ੍ਰਾਪਤ ਹੁੰਦਾ ਹੈ, ਜਿਸ ਬਾਝੋਂ ਰੱਜ ਨਹੀਂ ਹੁੰਦਾ। 'ਬਿਨਾ ਸੰਤੋਖ ਨਹੀ ਕੋਊ ਰਾਜੈ॥'

(੫) ਕੌਲ ਸਰ ਦੇ ਇਸ਼ਨਾਨ ਤੋਂ ਇਕ ਆਜ਼ਾਦੀ ਦੀ ਚੇਟਕ ਲੱਗਦੀ ਹੈ। (ਗੁਰੂ ਹਰਿਗੋਬਿੰਦ ਸਾਹਿਬ ਜੀ ਬੀਬੀ ਕੌਲਾਂ ਨੂੰ ਤਸੀਹਿਆਂ ਤੋਂ ਛੁਡਾ ਕੇ ਲੈ ਆਏ ਸਨ ਤੇ ਇਹ ਸਰੋਵਰ ਉਸ ਦੀ ਯਾਦ ਵਿਚ ਹੈ) ਤਾਂ ਦੂਜੇ ਪਾਸੇ ਆਤਮ-ਖੇੜੇ ਦਾ ਉਮਾਹ ਜਾਗਦਾ (ਉਰਧ ਕਮਲ ਬਿਗਸਦਾ) ਹੈ।

('ਅਰਦਾਸ', ਸਫ਼ਾ ੨੫੩)

ਇਸ ਮਨਮਤਿ ਨੂੰ ਵੀ ਗੁਰਮਤਿ ਅਨੁਸਾਰ ਹੀ ਮੰਨਿਆ ਜਾਂਦਾ ਹੈ ਕਿਉਂਕਿ ਅਕਾਲ ਤਖ਼ਤ ਸਾਹਿਬ ਅਥਵਾ ਹਰਿਮੰਦਰ ਸਾਹਿਬ ਵੱਲੋਂ ਇਸ ਵਿਰੁੱਧ ਕਦੇ ਕੋਈ ਇਤਰਾਜ਼ ਨਹੀਂ ਕੀਤਾ ਗਿਆ।

ਇਧਰ ਹਿੰਦੂਆਂ ਦੇ ਤੀਰਥ ਹਜ਼ਾਰਾਂ ਸਾਲਾਂ ਤੋਂ ਬੜੇ ਪਵਿੱਤਰ ਮੰਨੇ ਜਾਂਦੇ ਸਨ। ਤੀਰਥਾਂ ਦੇ ਬਾਰੇ ਇਹ ਵਿਸ਼ਵਾਸ ਬੜਾ ਪੱਕਾ ਬਣਿਆ ਹੋਇਆ ਹੈ ਕਿ ਉਹ ਪਾਪਾਂ ਦਾ ਨਾਸ ਕਰਨ ਵਾਲੇ, ਕਈ ਤਰ੍ਹਾਂ ਦੀਆਂ ਮਨੋ-ਕਾਮਨਾ ਪੂਰੀਆਂ ਕਰਨ ਵਾਲੇ ਅਤੇ ਪ੍ਰਾਣੀ ਦਾ ਪ੍ਰਲੋਕ ਸੁਧਾਰ ਦੇਣ ਦੀ ਸ਼ਕਤੀ ਵਾਲੇ ਹਨ। ਕ੍ਰੋੜਾਂ ਦੀ ਗਿਣਤੀ ਵਿਚ ਲੋਕ ਤੀਰਥਾਂ ਦੇ ਇਸ਼ਨਾਨ ਤੋਂ ਆਪਣੇ ਮਨ-ਇੱਛੇ ਫਲ ਪ੍ਰਾਪਤ ਕਰ ਲੈਣ ਦੇ ਭਰੋਸੇ ਨਾਲ ਇਨ੍ਹਾਂ ਹਿੰਦੂ-ਤੀਰਥਾਂ ਦੀ ਪੂਜਾ ਬੰਦਨਾ ਕਰਦੇ ਆ ਰਹੇ ਹਨ। ਪਰ ਜਦ ਗੁਰੂ-ਇਤਿਹਾਸ ਵੱਲ ਨਜ਼ਰ ਮਾਰੀਏ ਤਾਂ ਗੁਰੂ ਸਾਹਿਬਾਨ ਹਿੰਦੂ ਤੀਰਥਾਂ 'ਤੇ ਪੁੱਜ ਕੇ ਲੋਕਾਂ ਦੇ ਉਸ ਵਿਸ਼ਵਾਸ ਦੀ ਖੰਡਣਾ ਕਰਦੇ ਦਰਸ਼ਨ ਦੇ ਰਹੇ ਹਨ। ਫਿਰ ਤੀਰਥ ਯਾਤਰਾ ਤੋਂ ਜਾਂ ਤੀਰਥਾਂ ਦੇ ਇਸ਼ਨਾਨਾਂ ਤੋਂ ਮਿਲਦੇ ਫਲਾਂ ਦੇ ਭਰਮ ਦੀ ਖੰਡਣਾ ਕਰਦੇ ਹਾਜ਼ਰਾ ਹਜ਼ੂਰ ਗੁਰੂ ਗ੍ਰੰਥ ਸਾਹਿਬ ਜੀ ਦੇ ਕਈ ਫ਼ੁਰਮਾਨ ਅਸਾਂ ਹੁਣੇ ਹੀ ਉਪਰ ਵਿਚਾਰੇ ਹਨ ਅਤੇ ਅਜਿਹੇ ਗੁਰੂ-ਸ਼ਬਦ ਹੋਰ ਵੀ ਬੇਅੰਤ ਹਨ। ਫਿਰ ਕੀ ਇਹ ਸਮਝਿਆ ਜਾਵੇ ਕਿ ਦੂਜੇ ਧਰਮ ਦੇ ਤੀਰਥਾਂ ਨੂੰ ਬੰਦ ਕਰਵਾ ਕੇ ਗੁਰੂ ਸਾਹਿਬ ਉਸੇ ਤਰ੍ਹਾਂ ਦੇ ਤੀਰਥ ਆਪ ਸਿਰਜਣਾ ਚਾਹੁੰਦੇ ਸਨ? ਕੀ ਗੁਰੂ ਸਾਹਿਬ ਜੀ ਦਾ ਇਹ ਵਿਚਾਰ ਸੀ ਕਿ ਹਿੰਦੂ-ਤੀਰਥਾਂ ਦੀ ਮਹਿਮਾ ਘਟਾ ਕੇ ਸਾਰੀ ਰੌਣਕ ਆਪਣੇ ਸਿਰਜੇ ਚਸ਼ਮਿਆਂ (ਪੰਜਾ ਸਾਹਿਬ, ਰੋਹਤਾਸ, ਤ੍ਰਿਬੇਣੀ, ਗੁਰੂ ਕਾ ਲਾਹੌਰ ਆਦਿ) ਸਰੋਵਰਾਂ, ਖੂਹਾਂ, ਬਾਉਲੀਆਂ ਆਦਿ 'ਤੇ ਲੈ ਆਂਦੀ ਜਾਵੇ? ਕੀ ਇਉਂ ਮੰਨਿਆ ਜਾਵੇ ਕਿ ਹਿੰਦੂਆਂ ਦੇ ਤੀਰਥਾਂ ਦੇ ਇਸ਼ਨਾਨ ਨੂੰ ਨਿਸਫਲ ਕਹਿਣ ਵਾਲੇ ਗੁਰੂ (ਜੀ) ਨੇ ਆਪ ਅਜਿਹੇ ਤੀਰਥ ਥਾਪ ਲਏ ਸਨ, ਜਿਨ੍ਹਾਂ ਦੇ ਜਲ ਵਿਚ ਸਾਰੀਆਂ ਰੱਬੀ ਸ਼ਕਤੀਆਂ ਆ ਬਿਰਾਜੀਆਂ ਸਨ? ਕੀ ਸਤਿਗੁਰੂ ਨਾਨਕ ਜੀ ਬਾਰੇ ਇਹ ਸੋਚਿਆ ਜਾਵੇ ਕਿ ਉਨ੍ਹਾਂ ਦਾ ਉਹ ਉਪਦੇਸ਼ ਸਿਰਫ਼ ਬ੍ਰਾਹਮਣਾਂ ਜਾਂ ਹਿੰਦੂਆਂ ਵਾਸਤੇ ਹੀ ਸੀ? ਕੀ ਗੁਰਦੇਵ ਜੀ ਜੋ ਕੁਝ ਮੂੰਹੋਂ ਕਹਿੰਦੇ ਸਨ ਜਾਂ ਲਿਖਦੇ ਸਨ, ਆਪ ਉਸ ਦੇ ਉਲਟ ਕਰਮ ਕਰਦੇ ਸਨ? ਕੀ ਸਤਿਗੁਰਾਂ ਦਾ ਉਪਦੇਸ਼ ਇਕ ਡਰਾਮਾ ਹੀ ਸੀ? ਕੀ ਗੁਰੂ-ਇਤਿਹਾਸ ਨਾਲ ਜੁੜੇ ਅਥਵਾ ਗੁਰੂ-ਘਰਾਂ ਨਾਲ ਜੁੜੇ ਚਸ਼ਮਿਆਂ, ਸਰੋਵਰਾਂ, ਬਾਉਲੀਆਂ ਆਦਿ ਦੇ ਇਸ਼ਨਾਨ ਨੂੰ ਫਲਾਦਾਇਕ ਸ਼ਕਤੀਆਂ ਵਾਲੇ ਮੰਨ ਕੇ ਅਸੀਂ ਜੁਗੋ ਜੁਗ ਅਟੱਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਘੋਰ ਬੇਅਦਬੀ ਤਾਂ ਨਹੀਂ ਕਰ ਰਹੇ? ਕੀ ਪੰਥ ਦੀ ਅਗਵਾਈ ਦੇ ਜ਼ਿੰਮੇਵਾਰ ਕਿਸੇ ਜਥੇਦਾਰ ਨੇ ਜਾਂ ਅਸਾਂ ਕਦੇ ਇਨ੍ਹਾਂ ਪ੍ਰਸ਼ਨਾਂ ਵੱਲ ਧਿਆਨ ਦਿੱਤਾ ਹੈ?

ਪੰਥਕ ਮਰਯਾਦਾ ਦੇ ਲਿਖਣ ਸਮੇਂ ਜਿਹੜੀ ਅੰਮ੍ਰਿਤਸਰ ਦੇ ਇਸ਼ਨਾਨਾਂ ਦੀ ਮੰਗ ਭਾਵੇਂ ਉਹ ਬਿਲਕੁਲ ਗੁਰਬਾਣੀ ਦੇ ਹੁਕਮਾਂ ਦੇ ਅਨੁਕੂਲ ਹੈ, ਪਰ ਗੁਰਬਾਣੀ ਦੇ ਹੁਕਮਾਂ ਦੀ ਪਰਵਾਹ ਕਰਨੀ ਭੁੱਲੀ ਜਾ ਰਹੇ ਸਿੱਖ ਨੇ, ਮੰਗ ਦੇ ਆਪਣੀ ਵਿਉਂਤ ਵਾਲੇ ਅਰਥ ਘੜ ਲਏ ਅਤੇ ਗੁਰੂ ਨਾਨਕ ਜੀ ਦੀ ਅਦੁੱਤੀ ਘਾਲਣਾ ਨੂੰ ਵਿਅਰਥ ਸਿੱਧ ਕਰ ਦੇਣ ਦਾ ਬੀੜਾ ਚੁੱਕ ਲਿਆ। ਹਿੰਦੂ ਤੀਰਥਾਂ ਵਾਂਗ ਹੀ ਮੱਸਿਆ, ਪੁੰਨਿਆ, ਸੰਗ੍ਰਾਂਦਾਂ ਆਦਿ ਤੇ ਇਸ਼ਨਾਨ ਕਰਨ ਵਾਲੇ ਗੁਰੂ ਕੇ ਲਾਲਾਂ ਦੀਆਂ ਭੀੜਾਂ ਗੁਰੂ-ਘਰਾਂ ਵਿਚ ਬਣੇ ਸਰੋਵਰਾਂ 'ਤੇ ਵੀ ਵਧਦੀਆਂ ਹੀ ਗਈਆਂ।

ਪਰ ਲੋਕਾਂ ਦਾ ਵੀ ਕੀ ਦੋਸ਼? ਰਾਗੀਆਂ ਤੋਂ ਜਦ ਸਤਿਗੁਰਾਂ ਦਾ ਇਹ ਹੁਕਮ ਸੁਣੀਏ-**ਰਾਮ ਹਰਿ ਅੰਮ੍ਰਿਤਸਰਿ ਨਾਵਾਰੇ** - ਕਿ ਹੇ ਰਾਮ! ਸਾਨੂੰ ਸ੍ਰੀ ਅੰਮ੍ਰਿਤਸਰ ਸਰੋਵਰ ਦੇ ਇਸ਼ਨਾਨ ਕਰਵਾ ਅਤੇ ਫਿਰ- **ਬਿਖਿਆ ਮਲੁ ਜਾਇ ਅੰਮ੍ਰਿਤਸਰਿ ਨਾਵਹੁ**- ਜਿਸ ਦਾ ਅਰਥ ਵੀ ਏਹੀ ਸੁਣਾਇਆ ਜਾਂਦਾ ਹੈ ਕਿ ਜੇ ਮਾਇਆ-ਜ਼ਹਿਰ ਦੇ ਮੋਹ ਨੂੰ ਜੜ੍ਹਾਂ ਤੋਂ ਮੁਕਾਉਣਾ ਹੈ ਤਾਂ ਸ੍ਰੀ ਅੰਮ੍ਰਿਤਸਰ ਦੇ ਸਰੋਵਰ ਵਿਚ ਇਸ਼ਨਾਨ ਕਰਿਆ ਕਰੋ। ਸੋ ਇਸ ਤਰ੍ਹਾਂ ਟਾਂਵੇ ਗੁਰਮੁਖ ਪਰਵਾਰਾਂ ਨੂੰ ਛੱਡ ਕੇ ਲਗਭਗ ਸਾਰੇ ਸਿੱਖ ਜਗਤ ਵਿਚ ਇਹੀ ਭਰੋਸਾ ਬਣ ਚੁੱਕਾ ਹੈ ਕਿ ਹਿੰਦੂ ਤੀਰਥਾਂ ਦੇ ਇਸ਼ਨਾਨ ਤਾਂ ਭਾਵੇ ਨਿਸਫਲ ਹੀ ਹੋਣਗੇ ਪਰ ਗੁਰੂ ਘਰਾਂ ਵਿਚ ਬਣੇ ਸਰੋਵਰਾਂ ਦੇ ਇਸ਼ਨਾਨ ਪਾਪਾਂ ਨੂੰ ਨਾਸ ਜ਼ਰੂਰ ਕਰ ਦਿੰਦੇ ਹਨ ਅਤੇ ਗੁਰੂ ਘਰਾਂ ਦੇ ਇਨ੍ਹਾਂ ਸਰੋਵਰਾਂ ਵਿਚ ਇਸ਼ਨਾਨ ਕੀਤਿਆਂ ਮਨ ਦੀਆਂ ਮੁਰਾਦਾਂ ਵੀ ਜ਼ਰੂਰ ਪੂਰੀਆਂ ਹੋ ਜਾਂਦੀਆਂ ਹਨ। ਗੁਰਮਤਿ ਸਿਧਾਂਤ ਦੀ ਖੰਡਣਾ ਕਰਨ ਵਾਲੇ ਇਸ ਦੁਖਦਾਈ ਭੁਲੇਖੇ ਤੋਂ ਛੁਟਕਾਰਾ ਪਾਉਣ ਲਈ ਗੁਰਬਾਣੀ ਦੇ ਸ਼ਬਦਾਂ ਦੀ ਵਿਚਾਰ ਬੜੀ ਇਕਾਗਰਤਾ ਨਾਲ ਕਰਨ ਦੀ ਲੋੜ ਹੈ। ਗੁਰਬਾਣੀ ਵਿਚਾਰ ਆਰੰਭ ਕਰਨ ਤੋਂ ਪਹਿਲਾ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦਾ ਮੁੱਢਲਾ ਇਤਿਹਾਸ ਪੜ੍ਹ ਲੈਣਾ ਬੜਾ ਜ਼ਰੂਰੀ ਹੈ।

## ਸ੍ਰੀ ਅੰਮ੍ਰਿਤਸਰ ਦਾ ਸੰਖੇਪ ਇਤਿਹਾਸ

ਸ੍ਰੀ ਗੁਰੂ ਰਾਮਦਾਸ ਜੀ ਨੇ ਤੁੰਗ, ਗੁੰਮਟਾਲਾ ਅਤੇ ਸੁਲਤਾਨਵਿੰਡ ਪਿੰਡਾਂ ਤੋਂ ਜ਼ਮੀਨ ਲਈ ਹੋਈ ਸੀ। ਸੰਮਤ ੧੬੨੧ ਵਿਚ (ਗੁਰੂ) ਰਾਮਦਾਸ ਜੀ ਨੇ ਗੁਰੂ ਅਮਰਦਾਸ ਜੀ ਦੀ ਆਗਿਆ ਨਾਲ ਗੋਇੰਦਵਾਲ ਸਾਹਿਬ ਤੋਂ ਆ ਕੇ ਇਸ ਜ਼ਮੀਨ ਵਿਚਲੀ ਨੀਵੀਂ ਥਾਂ ਵਿਚ ਤਾਲ ਖੁਦਵਾਇਆ ਸੀ। ਫਿਰ ਸੰਮਤ ੧੬੩੧ ਵਿਚ ਗੁਰੂ ਅਮਰਦਾਸ ਜੀ ਦੀ ਹੀ ਆਗਿਆ ਅਨੁਸਾਰ ਸ੍ਰੀ ਗੁਰੂ ਰਾਮਦਾਸ ਜੀ ਨੇ ਏਥੇ ਇਕ ਪਿੰਡ ਬੱਧਾ ਤੇ ਉਸ ਦਾ ਨਾਮ ਗੁਰੂ ਕਾ ਚੱਕ ਰੱਖਿਆ। ਸ੍ਰੀ ਗੁਰੂ ਅਰਜਨ ਦੇਵ ਜੀ ਨੇ ਗੁਰਗੱਦੀ 'ਤੇ ਬਿਰਾਜਮਾਨ ਹੁੰਦਿਆਂ ਹੀ ਪਿਤਾ ਗੁਰੂ ਜੀ ਦੇ ਪਿੰਡ ਤੇ ਤਾਲ ਦੀ ਸੇਵਾ ਬੜੇ ਪਿਆਰ ਅਤੇ ਉਤਸ਼ਾਹ ਨਾਲ ਕਰਨੀ ਆਰੰਭ ਕਰ ਦਿੱਤੀ ਅਤੇ ਸੰਮਤ ੧੬੩੮ ਵਿਚ ਨਗਰ ਦਾ ਨਾਮ ਰਾਮਦਾਸਪੁਰਾ ਰੱਖਿਆ। ਸੰਮਤ ੧੬੪੩ ਵਿਚ ਸਰੋਵਰ ਨੂੰ ਪੱਕਾ ਕਰਨਾ ਸ਼ੁਰੂ ਕਰ ਦਿੱਤਾ। ਭਾਦੋਂ ਸੁਦੀ ੧ ਸੰਮਤ ੧੬੬੧ (ਦੇ ਭਾਗਾਂ ਵਾਲੇ ਦਿਨ, ਸਰੋਵਰ ਦੇ ਵਿਚਕਾਰ ਬਣੇ ਮੰਦਰ ਵਿਚ ਨਾਮ ਅੰਮ੍ਰਿਤ ਦੇ ਮਹਾਨ ਸਾਗਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਹਿਲਾ ਪ੍ਰਕਾਸ਼, ਪੰਚਮ ਪਾਤਿਸ਼ਾਹ ਜੀ ਨੇ ਆਪਣ ਕਰ-ਕੰਵਲਾਂ ਨਾਲ ਕੀਤਾ। ਗੁਰਬਾਣੀ ਰੂਪ ਅੰਮ੍ਰਿਤ ਦਾ ਮਹਾਨ ਸਾਗਰ ਜਿਸ ਸਰੋਵਰ ਦੇ ਐਨ ਵਿਚਕਾਰ ਆ ਬਿਰਾਜਿਆ ਸੀ, ਉਸ ਸਰੋਵਰ ਦਾ ਨਾਮ ਵੀ ਸਤਿਗੁਰਾਂ ਨੇ ਅੰਮ੍ਰਿਤਸਰ ਹੀ ਰੱਖ ਦਿਤਾ। ਫਿਰ ਇਸ ਸਰੋਵਰ ਦੇ ਨਾਮ ਤੋਂ ਰਾਮਦਾਸਪੁਰ ਨਗਰ ਦਾ ਨਾਮ ਵੀ ਅੰਮ੍ਰਿਤਸਰ ਹੋ ਗਿਆ। (ਭਾਵ, ਸੰਨ ੧੬੦੪ ਤੋਂ ਪਹਿਲਾਂ ਅਜੋਕੇ ਸ਼ਹਿਰ ਦਾ ਨਾਮ ਅੰਮ੍ਰਿਤਸਰ ਨਹੀਂ ਸੀ ਅਤੇ ਨਾ ਹੀ ਸਰੋਵਰ ਦਾ ਨਾਮ ਅੰਮ੍ਰਿਤਸਰ ਸੀ।)

ਇਸ ਪੁਸਤਕ ਦੇ ਪਹਿਲੇ ਭਾਗ ਵਿਚ ਇਹ ਵਿਚਾਰ ਹੋ ਚੁੱਕੀ ਹੈ ਅਤੇ ਅੱਗੇ ਅੰਮ੍ਰਿਤ ਪਰਕਰਣ ਵਿਚ ਵੀ ਬੜੀ ਵਿਸਥਾਰ ਨਾਲ ਵਿਚਾਰਿਆ ਗਿਆ ਹੈ ਕਿ ਗੁਰਬਾਣੀ ਨੇ ਕੇਵਲ ਪ੍ਰਭੂ-ਨਾਮ ਨੂੰ ਹੀ ਅੰਮ੍ਰਿਤ ਮੰਨਿਆ ਹੈ। **ਨਾਨਕ ਅੰਮ੍ਰਿਤੁ ਏਕੁ ਹੈ, ਦੂਜਾ ਅੰਮ੍ਰਿਤ ਨਾਹਿ॥** ਕਿਸੇ ਨਾਸਵੰਤ

*ਅਥਵਾ ਦ੍ਰਿਸ਼ਟਮਾਨ ਪਦਾਰਥ ਨੂੰ ਸਦੀਵੀ ਜ਼ਿੰਦਗੀ ਦੇ ਸਕਣ ਦੀ ਸ਼ਕਤੀ ਵਾਲਾ ਅੰਮ੍ਰਿਤ ਸਤਿਗੁਰਾਂ ਨੇ ਮੁੱਢੋਂ ਹੀ ਨਹੀਂ ਮੰਨਿਆ। ਗੁਰੂ-ਸ਼ਬਦਾਂ ਦੇ ਅਰਥ ਸਮਝਣ ਲੱਗਿਆਂ ਸਤਿਗੁਰਾਂ ਦੇ ਇਸ ਫ਼ੁਰਮਾਨ ਅਥਵਾ ਗੁਰਮਤਿ ਦੇ ਇਸ ਅਟੱਲ ਸਿਧਾਂਤ ਨੂੰ ਅੱਖੋਂ ਓਹਲੇ ਕਰ ਦੇਣਾ ਅਗਿਆਨਤਾ ਹੈ ਜਾਂ ਕੁਟਲਾ ਹੈ। ਆਉ, ਹੁਣ ਰਾਮਦਾਸ ਸ਼ਬਦ ਦੇ ਅਰਥ ਵੀ ਚੰਗੀ ਤਰ੍ਹਾਂ ਦ੍ਰਿੜ੍ਹ ਕਰ ਲਈਏ। ਪਹਿਲਾਂ ਉਪਰ ਲਿਖੀਆਂ ਤੁਕਾਂ ਵਾਲੇ ਸ਼ਬਦ ਵਿਚਾਰਦੇ ਹਾਂ:*

***ਸੇਵਹੁ ਸਤਿਗੁਰ ਸਮੁੰਦੁ ਅਥਾਹਾ॥***
***ਪਾਵਹੁ ਨਾਮੁ ਰਤਨੁ ਧਨੁ ਲਾਹਾ॥***
***ਬਿਖਿਆ ਮਲੁ ਜਾਇ ਅੰਮ੍ਰਿਤ ਸਰਿ ਨਾਵਹੁ***
***ਗੁਰ ਸਰ ਸੰਤੋਖੁ ਪਾਇਆ॥੮॥੫॥***

*ਇਹ ਸ਼ਬਦ ਸਤਿਗੁਰੂ ਨਾਨਕ ਜੀ ਨੇ ਪਹਿਲੇ ਸਰੂਪ ਸਮੇਂ ਉਚਾਰਿਆ ਸੀ, ਭਾਵ ਸੰਮਤ ੧੫੯੬ ਤੋਂ ਪਹਿਲਾਂ। ਉਸ ਵੇਲੇ ਅੰਮ੍ਰਿਤਸਰ ਸਰੋਵਰ ਜਾਂ ਅੰਮ੍ਰਿਤਸਰ ਸ਼ਹਿਰ ਦਾ ਕੋਈ ਨਾਂ ਪਤਾ ਕਿਸੇ ਦੀ ਜ਼ਬਾਨ 'ਤੇ ਨਹੀਂ ਸੀ। ਸਿੱਖ ਧਰਮ ਵਿਚਲੇ ਕਈ ਧਰਮ ਆਗੂ ਅਜਿਹੇ ਵੀ ਹਨ, ਜਿਹੜੇ ਗੁਰੂ ਸਾਹਿਬ ਨੂੰ ਹਰ ਸਮੇਂ ਕਰਾਮਾਤਾਂ ਕਰਦੇ ਦਰਸਾਉਣ ਵਾਲੇ ਜਾਂ ਸਤਿਗੁਰਾਂ ਦੀ ਸਰਬ ਉੱਚਤਾ ਸਿਰਫ਼ ਕਰਾਮਾਤਾਂ ਦੇ ਕਾਰਨ ਹੀ ਮੰਨਣ ਦੀ ਅਨੋਖੀ ਸ਼ਰਧਾ ਵਾਲੇ ਹਨ। ਅਜਿਹੇ ਡੇਰੇਦਾਰ ਨੂੰ ਅਥਵਾ ਉਨ੍ਹਾਂ ਦੇ ਚੇਲਿਆਂ ਨੂੰ ਜਾਂ ਅਗਿਆਨੀ ਸਿੱਖਾਂ ਨੂੰ ਇਹ ਕਹਿੰਦੇ ਸੁਣਿਆ ਜਾਂਦਾ ਹੈ ਕਿ ਸ਼ਹਿਰ ਅਥਵਾ ਸਰੋਵਰ ਦਾ ਨਾਮ ਅੰਮ੍ਰਿਤਸਰ ਗੁਰੂ ਨਾਨਕ ਦੇਵ ਜੀ ਨੇ ਆਪਣੇ ਪਹਿਲੇ ਸਰੂਪ ਸਮੇਂ ਹੀ ਮਿਥ ਦਿੱਤਾ ਸੀ। ਅਖੇ, ਉਨ੍ਹਾਂ ਨੇ ਗੁਰੂ ਅੰਗਦ ਦੇਵ ਜੀ ਨੂੰ ਦੱਸ ਦਿੱਤਾ ਸੀ ਕਿ ਅਸਾਂ ਆਪਣੇ ਚੌਥੇ ਅਤੇ ਪੰਜਵੇਂ ਸਰੂਪਾਂ ਦੇ ਸਮੇ ਇਸ ਥਾਂ 'ਤੇ ਅੰਮ੍ਰਿਤ ਦਾ ਸਰੋਵਰ ਪ੍ਰਗਟ ਕਰਨਾ ਹੈ ਅਤੇ ਬੜਾ ਵੱਡਾ ਨਗਰ ਵਸਾਉਣਾ ਹੈ, ਜਿਸ ਦਾ ਨਾਮ ਅੰਮ੍ਰਿਤਸਰ ਹੋਵੇਗਾ। ਉਨ੍ਹਾਂ ਦਾ ਹੀ ਕਥਨ ਹੈ ਕਿ ਸਤਿਗੁਰਾਂ ਇਹ ਵੀ ਫ਼ੁਰਮਾਨ ਕੀਤਾ ਸੀ ਇਹ ਥਾਂ ਲੋਕਾਂ ਦੀਆਂ ਮਨੋ-ਕਾਮਨਾ ਪੂਰੀਆਂ ਕਰਨ ਵਾਲਾ ਬੜਾ ਕਰਾਮਾਤੀ ਤੀਰਥ ਅਸਥਾਨ ਹੋਵੇਗਾ। ਅਜਿਹੇ ਲੋਕ ਹੀ ਕਹਿੰਦੇ ਹਨ ਕਿ ਹੇਮਕੁੰਟ 'ਤੇ ਤਪੱਸਿਆ ਵੀ ਗੁਰੂ ਗੋਬਿੰਦ ਸਿੰਘ ਜੀ ਹੀ ਕਰਦੇ ਰਹੇ ਸਨ।*

*ਅਜਿਹੇ ਵਿਚਾਰਾਂ ਵਾਲੇ ਲੋਕ ਉਸੇ ਤਰ੍ਹਾਂ ਦਾ ਹੀ ਪਾਪ ਕਰ ਰਹੇ ਹੁੰਦੇ ਹਨ ਜਿਹੜਾ ਬਿੱਪ੍ਰ ਜੀ ਨੇ ਸ੍ਰੀ ਰਾਮ ਚੰਦ੍ਰ ਜੀ ਅਥਵਾ ਸ੍ਰੀ ਕ੍ਰਿਸ਼ਨ ਦੀ ਦੀ ਕਥਾ ਲਿਖਣ ਸਮੇਂ ਕੀਤਾ ਹੈ। ਕੀ ਸਤਿਗੁਰੂ ਜੀ ਦੇ ਵੀ ਮਨ ਵਿਚ ਹੋਰ ਅਤੇ ਮੂੰਹ ਵਿਚ ਕੁਝ ਹੋਰ ਰਹਿੰਦਾ ਸੀ।*

*ਜੇ ਸਤਿਗੁਰਾਂ ਨੇ ਇਸ ਥਾਂ ਦਾ ਨਾਮ ਪਹਿਲੇ ਸਰੂਪ ਸਮੇਂ ਹੀ ਅੰਮ੍ਰਿਤਸਰ ਰਖ ਦਿਤਾ ਸੀ ਤਾਂ ਚੌਥੇ ਸਰੂਪ ਸਮੇਂ ਇਸ ਦਾ ਨਾਮ ਗੁਰੂ ਕਾ ਚੱਕ ਅਤੇ ਫਿਰ ਪੰਜਵੇਂ ਸਰੂਪ ਸਮੇਂ ਰਾਮਦਾਸਪੁਰਾ ਕਿਸ ਕਾਰਨ ਰੱਖਿਆ? ਫਿਰ ਸਤਿਗੁਰੂ ਰਾਮਦਾਸ ਜੀ ਨੇ ਸਰੋਵਰ ਦਾ ਆਰੰਭ ਸੰਮਤ ੧੬੨੧ ਵਿਚ ਕੀਤਾ ਸੀ ਅਤੇ ਸੰਮਤ ੧੬੪੫ ਵਿਚ ਸਤਿਗੁਰੂ ਅਰਜਨ ਦੇਵ ਜੀ ਨੇ ਇਸ ਨੂੰ ਪੱਕਾ ਕਰ ਕੇ ਇਸ ਵਿਚ ਜਲ ਭਰ ਦਿੱਤਾ ਸੀ, ਪਰ ਇਸ ਨੂੰ ਅੰਮ੍ਰਿਤਸਰ ਉਸ ਦਿਨ ਕਿਹਾ ਸੀ ਜਿਸ ਦਿਨ (ਭਾਦੋਂ ਸੁਦੀ ੧, ੧੬੬੧) ਨਾਮ-ਅੰਮ੍ਰਿਤ ਦੇ ਮਹਾਨ ਸਾਗਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਹੋਇਆ ਸੀ। ਫਿਰ ਨਗਰ ਦਾ ਨਾਮ ਸਰੋਵਰ ਦੇ ਨਾਮ ਦੇ ਕਾਰਨ ਰਾਮਦਾਸਪੁਰੇ ਤੋਂ ਅੰਮ੍ਰਿਤਸਰ ਆਪਣੇ ਆਪ ਬਣ ਗਿਆ ਸੀ। ਅਜਿਹੀਆਂ ਨਿਰਮੂਲ ਗੱਲਾਂ ਕਰਨ ਜਾਂ ਲਿਖਣ ਤੋਂ ਇਹ ਸ਼ੰਕੇ ਜਨਮ ਲੈਂਦੇ ਹਨ:*

*(ੳ) ਸਤਿਗੁਰਾਂ ਨੇ ਸੰਮਤ ੧੬੨੧ ਵਿਚ ਤਾਲ ਦੀ ਖੁਦਾਈ ਸ਼ੁਰੂ ਕਰਨ ਸਮੇਂ ਹੀ ਇਸ ਦਾ ਨਾਮ ਅੰਮ੍ਰਿਤਸਰ ਕਿਸ ਕਾਰਨ ਨਾ ਰੱਖਿਆ?*

*(ਅ) ਕੀ ਆਰੰਭ ਤੋਂ ਹੀ ਅਜਿਹਾ ਨਾ ਕਰ ਕੇ ਸਤਿਗੁਰਾਂ ਨੇ ਸ੍ਰੀ ਰਾਮ ਚੰਦ੍ਰ ਵਾਂਗ ਹੀ ਇਹ ਡਰਾਮਾ ਕੀਤਾ ਸੀ?*

*(ੲ) ਕੀ ਸੱਚ ਦੇ ਅਵਤਾਰ ਸਤਿਗੁਰੂ ਨਾਨਕ ਜੀ ਦੇ ਬਾਰੇ ਅਜਿਹੀਆਂ ਵਿਚਾਰਾਂ ਨੂੰ ਜਨਮ ਦੇਣ ਦਾ ਕਾਰਨ ਬਣਨਾ ਮਹਾਂ ਪਾਪ ਨਹੀਂ?*

*(ਸ) ਕੀ **ਜਿਨ੍ ਮਨਿ ਹੋਰੁ ਮੁਖਿ ਹੋਰੁ ਸਿ ਕਾਂਢੇ ਕਚਿਆ॥੧॥** ਜਿਹੇ ਪੱਕੇ ਸਿਧਾਂਤ ਵਾਲੇ ਸਤਿਗੁਰੂ ਜੀ ਦੇ ਬਾਰੇ ਅਜਿਹਾ ਸੋਚਣਾ ਬੱਜਰ ਪਾਪ ਨਹੀਂ?*

*ਅਜਿਹੀਆਂ ਗੱਲਾਂ ਕਰਨ ਵਾਲੇ ਉਹੀ ਹਨ, ਜਿਹੜੇ ਸਤਿਗੁਰਾਂ ਦੇ ਹੁਕਮਾਂ ਅਨੁਸਾਰ ਜੀਵਨ ਬਣਾਉਣ ਦਾ ਯਤਨ ਕਰਨ ਦੀ ਅਥਵਾ ਗੁਰਮਤਿ ਦੇ ਅਟੱਲ ਸਿਧਾਂਤ ਨੂੰ ਸਮਝਣ ਦੀ ਲੋੜ ਸਮਝਣੀ ਇਕ ਝਮੇਲਾ ਸਮਝਦੇ ਹਨ ਅਤੇ ਗੁਰੂ-ਬਾਣੀ ਨੂੰ ਸਤਿਗੁਰੂ ਨਾਨਕ ਜੀ ਦੀ ਕੇਵਲ ਮਾਤਰ ਅਤੇ ਮਹਾਨ ਕਰਾਮਾਤ ਨਹੀਂ ਮੰਨਦੇ। ਗੁਰਬਾਣੀ ਵਿਚ ਆਏ ਅੰਮ੍ਰਿਤਸਰ ਸ਼ਬਦ ਦਾ ਅਰਥ ਕੋਈ ਸ਼ਹਿਰ ਜਾਂ ਪਾਣੀ ਦਾ ਸਰੋਵਰ ਕਦੇ ਨਹੀਂ ਹੋ ਸਕਦਾ।*

*(ਬਿਪ੍ਰਨ ਕੀ ਰੀਤ ਤੋਂ ਸੱਚ ਦਾ ਮਾਰਗ,*
*ਭਾਗ ਤੀਜਾ, ਪੰਨਾ ੨੦੩-੨੦੫)*

# ਟਿੱਪਣੀ

ਪਿਛਲੇ ਸਮੇਂ ਅੰਦਰ ਵੀ ਅਤੇ ਮੌਜੂਦਾ ਸਮੇਂ ਅੰਦਰ ਵੀ ਸ੍ਰੀ ਦਰਬਾਰ ਸਾਹਿਬ ਦੇ ਸਰੋਵਰ ਵਿਚ ਇਸ਼ਨਾਨ ਕਰਨ ਨਾਲ ਕਈ ਅਸਾਧ ਰੋਗ ਦੂਰ ਹੋਣ ਦੀਆਂ ਉਦਾਹਰਣਾਂ ਮਿਲਦੀਆਂ ਹਨ। ਇਹੋ ਜਿਹੀ ਇਕ ਘਟਨਾ ਸੰਬੰਧੀ ਪਿਛੇ ਜਿਹੇ 'ਪੰਜਾਬੀ ਟ੍ਰਿਬਿਊਨ' ਮਿਤੀ ੩੦ ਨਵੰਬਰ ੨੦੦੨ ਵਿਚ ਗ਼ੈਰ ਸਿੱਖ ਦੇ ਕੈਂਸਰ ਰੋਗ ਦੇ ਠੀਕ ਹੋਣ ਦੀ ਖ਼ਬਰ ਵਿਸਥਾਰ ਸਹਿਤ ਛਪੀ ਸੀ। ਪ੍ਰੋ: ਸਾਹਿਬ ਸਿੰਘ ਜੀ ਨੇ ਬਹੁਤ ਸੌਖੇ ਤਰੀਕੇ ਨਾਲ ਪੰਜਾਂ ਤੱਤਾਂ ਵਿਚੋਂ ਅਕਾਸ਼ ਤੱਤ ਦੇ ਅਸਰ ਨੂੰ ਬਹੁਤ ਵਿਸਥਾਰ ਸਹਿਤ ਸਮਝਾਉਣ ਦਾ ਯਤਨ ਕੀਤਾ ਹੈ ਅਤੇ ਨਾਲ ਆਮ ਗੁਰਸਿੱਖਾਂ ਨੂੰ ਇਹ ਡੂੰਘੀਆਂ ਰਮਜ਼ਾਂ ਨੂੰ ਅੱਖਾਂ ਤੋਂ ਓਹਲੇ ਨਾ ਹੋਣ ਦੇਣ ਲਈ ਵੀ ਦ੍ਰਿੜ੍ਹਾਇਆ ਹੈ। ਪਰੰਤੂ ਸ. ਕਾਲਾ ਅਫ਼ਗਾਨਾ ਜੀ ਨੂੰ ਤੇ ਜਿਵੇਂ ਬਿਪਰਵਾਦ ਦਾ ਭੂਤ ਚਿੰਬੜਿਆ ਹੋਵੇ, ਉਸੇ ਤਰ੍ਹਾਂ ਹਰ ਸਿੱਖ ਪ੍ਰੰਪਰਾ ਵਿਚ ਬਿਪਰਵਾਦ ਦੀ ਚਾਲ ਹੀ ਨਜ਼ਰ ਆਉਂਦੀ ਹੈ। ਸ. ਕਾਲਾ ਅਫ਼ਗਾਨਾ ਜੀ ਸਿੱਖ ਧਰਮ ਨੂੰ ਇਉਂ ਪੇਸ਼ ਕਰਨਾ ਲੋਚਦੇ ਹਨ ਜਿਵੇਂ ਸਿੱਖ ਧਰਮ ਸਿਰਫ਼ ਤੇ ਸਿਰਫ਼ ਬਿਪਰਵਾਦ ਨੂੰ ਖ਼ਤਮ ਕਰਨ ਲਈ ਹੀ ਗੁਰੂ ਨਾਨਕ ਸਾਹਿਬ ਨੇ ਪੈਦਾ ਕੀਤਾ ਹੈ, ਹੋਰ ਇਸਦਾ ਕੋਈ ਮਨੋਰਥ ਜਾਂ ਫਾਇਦਾ ਨਹੀਂ। ਸ. ਕਾਲਾ ਅਫ਼ਗਾਨਾ ਜੀ ਨੂੰ ਕੋਈ ਪੁੱਛੇ ਕਿ ਜੇਕਰ ਮੰਨ ਲਉ ਅੱਜ ਬਿਪਰਵਾਦ ਖ਼ਤਮ ਹੋ

ਜਾਂਦਾ ਹੈ ਤਾਂ ਫਿਰ ਸਿੱਖ ਧਰਮ ਖ਼ਤਮ ਹੋ ਜਾਣਾ ਚਾਹੀਦਾ ਹੈ। ਪਰੰਤੂ ਸ. ਕਾਲਾ ਅਫ਼ਗਾਨਾ ਜੀ ਦਾ ਮਕਸਦ ਕੁਝ ਹੋਰ ਹੈ- 'ਕਹੀ ਪੇ ਨਿਗਾਹੇਂ ਕਹੀ ਪੇ ਨਿਸ਼ਾਨਾ'। ਅਸਲ ਵਿਚ ਸ. ਕਾਲਾ ਅਫ਼ਗਾਨਾ ਜੀ ਦੀ ਮੂੰਹ ਵਿਚ ਰਾਮ ਰਾਮ ਬਗਲ ਵਿਚ ਛੁਰੀ ਵਾਲੀ ਗੱਲ ਹੈ। ਉਨ੍ਹਾਂ ਦਾ ਮਕਸਦ ਸਿੱਖ ਧਰਮ ਵਿਚ ਪ੍ਰੋ: ਗੁਰਮੁਖ ਸਿੰਘ ਜਾਂ ਗਿਆਨੀ ਦਿੱਤ ਸਿੰਘ ਹੁਰਾਂ ਵਾਂਗ ਸੁਧਾਰਵਾਦੀ ਲਹਿਰ ਚਲਾਉਣ ਦਾ ਨਹੀਂ, ਬਲਕਿ ਸਿੱਖ ਧਰਮ ਦੀਆਂ ਉੱਚੀਆਂ ਸੁੱਚੀਆਂ ਪ੍ਰੰਪਰਾਵਾਂ ਤੇ ਭਾਵਨਾਵਾਂ ਨੂੰ ਹੀ ਖ਼ਤਮ ਕਰਨਾ ਹੈ। ਸ. ਕਾਲਾ ਅਫ਼ਗਾਨਾ ਦਾ ਸਾਥ ਦੇ ਰਹੇ ਵੀਰ ਵੀ ਸ. ਕਾਲਾ ਅਫ਼ਗਾਨਾ ਦੇ ਉਪਰੋਕਤ ਮਕਸਦ ਵਿਚ ਪੂਰੀ ਤਨਦੇਹੀ ਨਾਲ ਸਹਾਇਤਾ ਕਰ ਰਹੇ ਹਨ। ਇਸੇ ਕਰਕੇ ਉਨ੍ਹਾਂ ਨੇ ਧਰਮ ਛਡ ਕੇ ਧੜਾ ਪਾਲ ਲਿਆ ਹੈ। ਪਿਛਲੇ ਲੇਖ ਅੰਦਰ ਅਸੀਂ ਜ਼ਿਕਰ ਕੀਤਾ ਸੀ ਕਿ ਭਰੋਸੇਯੋਗ ਸੂਤਰਾਂ ਤੋਂ ਪਤਾ ਲੱਗਾ ਹੈ ਕਿ ਜਥੇਦਾਰ ਅਕਾਲ ਤਖ਼ਤ ਸਾਹਿਬ ਤਕ ਪਹੁੰਚ ਕਰਕੇ ਮਾਮਲੇ ਨੂੰ ਰਫ਼ਾ ਦਫ਼ਾ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਹੁਣ ਆਪ ਹੀ ਕਾਲਾ ਅਫ਼ਗਾਨਾ ਦੇ ਸਾਥੀਆਂ ਨੇ ਚੰਡੀਗੜ੍ਹ ਵਿਚ ਪ੍ਰੈੱਸ ਕਾਨਫਰੰਸ ਵਿਚ ਸਾਰੀ ਗੱਲ ਦਾ ਖੁਲਾਸਾ ਕਰ ਦਿੱਤਾ ਹੈ ਕਿ ਦਲ ਖ਼ਾਲਸਾ ਦੇ ਕੰਵਰਪਾਲ ਸਿੰਘ ਬਿੱਟੂ ਅਤੇ ਅਕਾਲੀ ਦਲ ਦੇ ਯੂਥ ਨੇਤਾ ਕਰਨੈਲ ਸਿੰਘ ਪੰਜੋਲੀ ਰਾਹੀਂ ਜਥੇਦਾਰ ਸਾਹਿਬ ਦੇ ਪੀ.ਏ. ਸ. ਪ੍ਰਿਤਪਾਲ ਸਿੰਘ ਸੰਧੂ ਰਾਹੀਂ ੯ ਜੁਲਾਈ ਤਕ ਵੀ ਮਾਮਲੇ ਨੂੰ ਅੱਗੇ ਪਾਉਣ ਦੀਆਂ ਕੋਸ਼ਿਸ਼ਾਂ ਹੁੰਦੀਆਂ ਰਹੀਆਂ। ਹੁਣ ਇਹ ਵੀਰ ਜਥੇਦਾਰ ਸਾਹਿਬ ਦੇ ਹੁਕਮਨਾਮਾ ਜਾਰੀ ਕਰਨ ਦੇ ਅਧਿਕਾਰ ਨੂੰ ਚੁਣੌਤੀਆਂ ਦੇ ਰਹੇ ਹਨ। ਹੁਣ ਇਨ੍ਹਾਂ ਵੀਰਾਂ ਨੂੰ ਕੋਈ ਪੁੱਛੇ ਕਿ ਬਾਕੀਆਂ ਨੂੰ ਅਸੂਲ-ਪ੍ਰਸਤੀ ਦੀਆਂ ਅਕਲਾਂ ਦੇਣ ਵਾਲੇ ਆਪ ਆਪਣੀ ਪੀੜੀ ਥੱਲੇ ਸੋਟਾ ਫੇਰ ਕੇ ਵੇਖਣ ਕਿ ਜਿਸ ਪੀ.ਏ. ਨੂੰ ਬਾਬਾ ਧਨਵੰਤ ਸਿੰਘ ਰਿਸ਼ਵਤ ਕੇਸ ਅੰਦਰ ਇਹ ਲੋਕ ਪਾਣੀ ਪੀ ਪੀ ਕੇ ਕੋਸਦੇ ਰਹੇ ਹਨ। ਹੁਣ ਉਸੇ ਪੀ.ਏ. ਰਾਹੀਂ ਗੱਲਬਾਤ ਚਲਾ ਰਹੇ ਹਨ। ਜੇ ਜਥੇਦਾਰ ਅਕਾਲ ਤਖ਼ਤ ਹੁਕਮਨਾਮਾ ਜਾਰੀ ਨਹੀਂ ਕਰ ਸਕਦਾ ਫਿਰ ਇਹ ਲੋਕ ਬਾਬਾ ਧਨਵੰਤ ਸਿੰਘ ਕੇਸ ਵਿਚ ਜਥੇਦਾਰ ਸਾਹਿਬ ਕੋਲ ਕੀ ਕਰਨ ਗਏ ਸਨ? ਜੇ ਇਨ੍ਹਾਂ ਦੇ ਆਖੇ ਲੱਗ ਕੇ ਜਥੇਦਾਰ ਸਾਹਿਬ ਸ. ਕਾਲਾ ਅਫ਼ਗਾਨਾ ਨੂੰ ਮਹੀਨੇ ਦਾ ਹੋਰ ਸਮਾਂ ਦੇ ਦਿੰਦੇ ਤਾਂ ਕੀ ਫਿਰ ਜਥੇਦਾਰ ਜੋਗਿੰਦਰ ਸਿੰਘ ਵੇਦਾਂਤੀ ਵਧੀਆ ਜਥੇਦਾਰ ਬਣ ਜਾਣਾ ਸੀ? ਜਦਕਿ ਸ. ਕਾਲਾ ਅਫ਼ਗਾਨਾ ਪੰਥ ਵਿਚੋਂ ਛੇਕਣ ਸਮੇਂ ਅਮਰੀਕਾ ਦੇ ਪੈਨਸਿਲਵੇਨੀਆ ਪ੍ਰਾਂਤ ਵਿਚ ਕੈਂਪ ਵਿਚ ਸ਼ਾਮਲ ਹੋ ਰਿਹਾ ਹੈ ਜੋ ਕਿ ਸ. ਕਾਲਾ ਅਫ਼ਗਾਨਾ ਦੇ ੧੨ ਜੁਲਾਈ ਦੀ ਅਜੀਤ ਅਖ਼ਬਾਰ ਦੇ ਬਿਆਨ ਤੋਂ ਸਿੱਧ ਹੁੰਦਾ ਹੈ। ਕੈਂਪਾਂ ਵਿਚ ਜਾਣ ਲਈ ਤਾਂ ਸ. ਕਾਲਾ ਅਫ਼ਗਾਨਾ ਦੀ ਸਿਹਤ ਠੀਕ ਹੈ, ਪਰੰਤੂ ਅਕਾਲ ਤਖ਼ਤ ਸਾਹਿਬ ਤੇ ਆਉਣ ਲੱਗਿਆਂ ਢਿੱਲੀ ਹੋ ਜਾਂਦੀ ਹੈ।

ਅਸਲ ਵਿਚ ਸ. ਕਾਲਾ ਅਫ਼ਗਾਨਾ ਬਿਮਾਰੀ ਦਾ ਅਤੇ ਵਡੇਰੀ ਉਮਰ ਦਾ ਬਹਾਨਾ ਬਣਾ ਕੇ ਹਮਦਰਦੀ ਪ੍ਰਾਪਤ ਕਰਨਾ ਚਾਹੁੰਦਾ ਹੈ ਅਤੇ ਅਕਾਲ ਤਖ਼ਤ ਸਾਹਿਬ ਨੂੰ ਆਮ ਸਿੱਖਾਂ ਦੀਆਂ ਨਜ਼ਰਾਂ ਵਿਚ ਬੇ-ਇਨਸਾਫ਼ ਕਰਨ ਵਾਲਾ ਸਾਬਤ ਕਰਨਾ ਚਾਹੁੰਦਾ ਹੈ। ਪਰੰਤੂ ਸ. ਕਾਲਾ ਅਫ਼ਗਾਨਾ ਤੇ ਉਸਦੇ ਹਮਾਇਤੀ ਵੀਰ ਅਜਿਹੀਆਂ ਪੈਂਤੜੇਬਾਜ਼ੀਆਂ ਨਾਲ ਆਪਣੇ ਮਕਸਦ ਵਿਚ ਕਾਮਯਾਬ ਨਹੀਂ ਹੋਣਗੇ।

*-ਤਰਦੀਪ ਸਿੰਘ*

*(ਬਾਕੀ ਅਗਲੇ ਅੰਕ ਵਿਚ ਚਲਦਾ)*